ISSN : 2395-1273


# ਸੰਵਾਦ

www.sanvad.org

ਵਿਸ਼ੇਸ਼ ਅੰਕ

## ਬਿਰਤਾਂਤ ਦੀ ਜੰਗ

ਜੁਲਾਈ-ਦਸੰਬਰ 2024
20 ਵਾਂ ਅੰਕ



ESTD. 1892

ਪੰਜਾਬੀ ਅਧਿਐਨ ਵਿਭਾਗ

ਖ਼ਾਲਸਾ ਕਾਲਜ ਅੰਮ੍ਰਿਤਸਰ

ਛਿਮਾਹੀ ਖੋਜ ਰਸਾਲਾ
ਜੁਲਾਈ-ਦਸੰਬਰ 2024
ਅੰਕ-20ਵਾਂ

ISSN : 2395-1273

# ਸੰਵਾਦ

ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

A Peer Reviewed Punjabi Research Journal


ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ

**ਵਿਸ਼ੇਸ਼ ਅੰਕ**
**ਬਿਰਤਾਂਤਾਂ ਦੀ ਜੰਗ**

**ਸਰਪ੍ਰਸਤ**
ਡਾ. ਮਹਿਲ ਸਿੰਘ
ਪ੍ਰਿੰਸੀਪਲ, ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**
ਡਾ. ਮਹਿਲ ਸਿੰਘ

**ਸੰਪਾਦਕ**
ਡਾ. ਆਤਮ ਸਿੰਘ ਰੰਧਾਵਾ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ
**ਖ਼ਾਲਸਾ ਕਾਲਜ ਅੰਮ੍ਰਿਤਸਰ**-143002

# Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org



| **Patron & Chief Editor:** | **Editor:** |
|---|---|
| ***Dr. Mehal Singh*** | ***Dr. Atam Singh Randhawa*** |
| **+91 85288-28200** | **+91 98722-17273** |
| **ISSN : 2395-1273** | **July-December 2024** |

**ਸਲਾਹਕਾਰ ਬੋਰਡ**

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**

ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ


**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**


**ਚੰਦਾ ਭੇਜਣ ਤੇ ਮਿਲਣ ਦਾ ਪਤਾ**

**ਪ੍ਰਿੰਸੀਪਲ**

**ਖ਼ਾਲਸਾ ਕਾਲਜ, ਅੰਮ੍ਰਿਤਸਰ**

khalsacollegeamritsar@yahoo.com

www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1500 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**

Punjab National Bank Kot Khalsa, Amritsar



**© Principal, Khalsa College Amritsar**



**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 10ਵਾਂ, ਅੰਕ - 20ਵਾਂ ||| ਜੁਲਾਈ-ਦਸੰਬਰ 2024**

## ਤਤਕਰਾ


- **ਸੰਪਾਦਕੀ** 5-7
- **ਬਿਰਤਾਂਤਾਂ ਦੀ ਜੰਗ ਤੋਂ ਨਵੀਨਤਾ ਲਈ ਸੰਘਰਸ਼ ਤਕ : ਨਵੇਂ ਯੁੱਗ ਦੀ ਆਮਦ** 9-17
  ਅਮਰਜੀਤ ਸਿੰਘ ਗਰੇਵਾਲ
- **ਸ਼ਬਦੀ-ਬਿਰਤਾਂਤ : ਨੀਤੀਆਂ ਤੇ ਰਮਜ਼ਾਂ** 18-23
  ਡਾ. ਮਹਿਲ ਸਿੰਘ
- **ਮੀਡੀਆ ਤੇ ਰਾਜਨੀਤਕ ਬਿਰਤਾਂਤ** 24-31
  ਡਾ. ਜਗਰੂਪ ਸਿੰਘ ਸੇਖੋਂ
- **ਪੰਜਾਬ ਨਵੀਂ ਕਹਾਣੀ ਦੀ ਤਲਾਸ਼ ਵਿਚ** 32-34
  ਡਾ. ਰਾਜਿੰਦਰ ਪਾਲ ਸਿੰਘ ਬਰਾੜ
- **ਪੰਜਾਬ ਦੇ ਸਰੋਕਾਰ ਤੇ ਸਮੱਸਿਆਵਾਂ : ਚੁਣੌਤੀਆਂ ਤੇ ਸਮਾਧਾਨ** 35-44
  ਡਾ. ਮਨਮੋਹਨ
- **ਪਰੌਮਿਸਡ ਲੈਂਡ : ਬੈਟਲ ਆਫ ਨੈਰੇਟਿਵ** 45-55
  ਡਾ. ਪਰਮਜੀਤ ਸਿੰਘ ਢੀਂਗਰਾ
- **ਬਿਰਤਾਂਤਾਂ ਦੀ ਜੰਗ ਤੇ ਪੰਜਾਬ ਦੇ ਬਿਰਤਾਂਤ : ਅਤੀਤ ਤੇ ਵਰਤਮਾਨ** 56-67
  ਡਾ. ਆਤਮ ਸਿੰਘ ਰੰਧਾਵਾ
- **ਇਜ਼ਰਾਇਲ-ਫਲਸਤੀਨ ਮਸਲਾ ਅਤੇ ਐਡਵਰਡ ਸਈਦ** 68-83
  ਡਾ. ਯਾਦਵਿੰਦਰ ਸਿੰਘ
- **ਬਿਰਤਾਂਤਾਂ ਦੇ ਮੁਕਾਬਲੇ ਦੇ ਦੌਰ ਵਿਚ ਪੰਜਾਬ ਬਿਰਤਾਂਤ** 84-90
  ਭਾਈ ਹਰਿਸਿਮਰਨ ਸਿੰਘ
- **ਬਿਰਤਾਂਤਾਂ ਦੀ ਜੰਗ ਦੇ ਸੰਦਰਭ ਵਿਚ ਮਿਥ-ਬਿਰਤਾਂਤ : ਪਨਰ-ਸਿਰਜਣਾ ਅਤੇ ਪ੍ਰਯੋਗ** 91-98
  ਡਾ. ਹਰਿੰਦਰ ਕੌਰ ਸੋਹਲ
- **ਪੇਂਡੂ ਪੰਜਾਬ ਤੋਂ ਅੰਤਰਰਾਸ਼ਟਰੀ ਪਰਵਾਸ ਦਾ ਖੇਤਰ-ਵਾਰ ਵਿਸ਼ਲੇਸ਼ਣ** 99-123
  ਗਿਆਨ ਸਿੰਘ, ਧਰਮਪਾਲ, ਗੁਰਿੰਦਰ ਕੌਰ, ਜੋਤੀ, ਸੁਖਵੀਰ ਕੌਰ, ਰੁਪਿੰਦਰ ਕੌਰ

❒ **ਬਿਰਤਾਂਤ ਸਿਰਜਣ ਦੀ ਜੰਗ**

**(ਸੱਤਾ, ਲੋਕ ਮਨ ਅਤੇ ਪੰਜਾਬ ਦੀ ਅਕਾਦਮਿਕਤਾ ਦੇ ਬਿਰਤਾਂਤ ਦੀ ਜੰਗ ਦੇ ਹਵਾਲੇ ਨਾਲ)** 124-129

ਡਾ. ਗੁਰਦੀਪ ਸਿੰਘ

❒ **ਦਲਿਤ ਬਿਰਤਾਂਤ ਅਤੇ ਰਣਜੀਤ ਗੁਹਾ ਦਾ ਸਬਾਲਟਰਨ ਪਰਿਪੇਖ** 130-137

ਬਲਜਿੰਦਰ ਸਿੰਘ

❒ **ਅੱਲਾਂ ਰਾਹੀਂ ਪਿੰਡਾਂ ਵਿਚ ਬਿਰਤਾਂਤ ਸਿਰਜਣਾ** 138-145

ਡਾ. ਦਯਾ ਸਿੰਘ

❒ **ਭਾਸ਼ਾ-ਪਰਿਵਾਰਾਂ ਦੀ ਨਿਰਮਾਣ ਪ੍ਰਕਿਰਿਆ ਸਬੰਧੀ ਪ੍ਰਚਲਿਤ ਮਤ ਦਾ ਵਿਸ਼ਲੇਸ਼ਣ** 146-165

ਵਰਿੰਦਰ ਖੁਰਾਣਾ

**ਪੁਸਤਕ ਰੀਵਿਊ :** 166-172

- **ਹੋਇਆ ਦੇਸ ਪਰਾਇਆ (ਨਾਵਲ)** : ਅਵਤਾਰ ਸਿੰਘ ਬਿਲਿੰਗ
- **ਮੁਹਾਜ਼ (ਨਾਵਲ)** : ਨਛੱਤਰ
- **1919 ਦਾ ਦੁਖਾਂਤ ਸਿੱਖਾਂ ਦਾ ਅਨੁਭਵ, ਦ੍ਰਿਸ਼ਟੀਕੋਣ ਅਤੇ ਪ੍ਰਤੀਕਰਮ (ਇਤਿਹਾਸ)** : ਜੋਗਿੰਦਰ ਸਿੰਘ
- **ਮਿੱਟੀ ਬੋਲ ਪਈ ਦਾ ਸਮਾਜਿਕ ਤੇ ਸਾਹਿਤਕ ਵਿਸ਼ਲੇਸ਼ਣ (ਆਲੋਚਨਾ)** : ਡਾ. ਮਹਿਲ ਸਿੰਘ

◈



ISSN : 2395-1273



ਬਿਰਤਾਂਤਾਂ ਦੀ ਜੰਗ ਦੇ ਸੰਦਰਭ ਵਿਚ

# ਇਜ਼ਰਾਇਲ-ਫਲਸਤੀਨ ਮਸਲਾ ਅਤੇ ਐਡਵਰਡ ਸਈਦ

**ਡਾ. ਯਾਦਵਿੰਦਰ ਸਿੰਘ**

ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ
✆ 70420-73084

> Israel was a device for holding Islam-and later the Soviet Union, or communism-at bay. Zionism and Israel were associated with liberalism, with freedom and democracy, with knowledge and light, with what 'we' understand and fight for. By contrast, Zionism's enemies were simply a twentieth-century version of the alien spirit of Oriental despotism, sensuality, ignorance, and similar forms of backwardness.
>
> *-Edward Said*

ਜ਼ਿੰਦਗੀ ਦਾ ਵੱਡਾ ਹਿੱਸਾ ਅਮਰੀਕਾ ਵਿਚ ਬਿਤਾਉਣ ਦੇ ਬਾਵਜੂਦ ਸਈਦ ਦੇ ਮਨ ਅੰਦਰ ਆਪਣੀ ਜੰਮਣ ਭੋਇੰ ਨੂੰ ਮੁੜ ਤੱਕਣ ਦੀ ਸਿੱਕ ਸਦਾ ਬਣੀ ਰਹੀ। ਨਿਊਯਾਰਕ ਰਹਿੰਦਿਆਂ ਉਹਨੂੰ ਆਪਣਾ ਆਪਾ ਨਿਥਾਂਵਾਂ ਲੱਗਦਾ; ਇਕ ਅਜਿਹਾ ਬੂਟਾ ਜਿਸ ਦੀਆਂ ਜੜ੍ਹਾਂ ਜ਼ਮੀਨ ਵਿਚੋਂ ਪੁੱਟ ਕੇ ਗ਼ਮਲੇ ਵਿਚ ਲਾ ਦਿੱਤੀਆਂ ਗਈਆਂ ਹੋਣ ਤੇ ਫੇਰ ਇਸ ਨਿੱਜੀ ਪੀੜ ਨੂੰ ਆਪਣੇ ਹਮਵਤਨਾਂ ਦੇ ਸੰਤਾਪ ਨਾਲ ਇਕਮਿਕ ਕਰਕੇ ਉਹਨੇ ਫਲਸਤੀਨ ਦੇ ਸਵਾਲ ਨੂੰ ਦੁਨੀਆ ਸਾਹਵੇਂ ਰੱਖਣ ਦਾ ਮਨ ਬਣਾ ਲਿਆ ਤੇ ਇੰਞ ਫਲਸਤੀਨ ਦੀ ਹੋਣੀ ਉਹਦੀਆਂ ਲਿਖਤਾਂ ਦਾ ਮਸੌਦਾ ਹੋ ਨਿੱਬੜੀ।

ਐਡਵਰਡ ਸਈਦ ਦੀ ਜ਼ਿੰਦਗੀ ਵਿਚ ਸੰਨ ਸਤਾਹਠ ਬੇਹੱਦ ਅਹਿਮ ਹੈ। ਇਸ ਸਾਲ ਹੋਈ ਅਰਬ-ਇਜ਼ਰਾਇਲ ਜੰਗ ਨੇ ਨਾ ਸਿਰਫ਼ ਉਹਦੀ ਸੋਚ ਨੂੰ ਬਦਲਿਆ, ਬਲਕਿ ਉਹਦੀ ਲਿਖਤ ਦਾ ਏਜੰਡਾ ਤੈਅ ਕਰਨ ਵਿਚ ਵੀ ਅਹਿਮ ਭੂਮਿਕਾ ਨਿਭਾਈ। ਬੇਸ਼ੱਕ ਇਸ ਤੋਂ ਪਹਿਲਾਂ ਵੀ ਸਈਦ ਦੀਆਂ ਲਿਖਤਾਂ ਵਿਚ ਫਲਸਤੀਨ ਦਾ ਜ਼ਿਕਰ ਮਿਲਦਾ ਹੈ, ਪਰ ਅਰਬ-ਇਜ਼ਰਾਇਲ ਜੰਗ ਬਾਰੇ ਅਮਰੀਕੀ ਲੋਕਾਂ ਦੇ ਨਜ਼ਰੀਏ ਨੇ ਉਹਨੂੰ ਫਲਸਤੀਨ ਬਾਰੇ ਨਵੇਂ ਸਿਰਿਓਂ ਸੋਚਣ ਲਈ ਮਜ਼ਬੂਰ ਕੀਤਾ। ਉਹਨੇ ਮਹਿਸੂਸ ਕੀਤਾ ਕਿ ਇਹ ਜੰਗ ਨਾ ਸਿਰਫ਼ ਅਰਬੀ ਲੋਕਾਂ ਦੀ ਹਾਰ ਦਾ ਸਬੱਬ ਬਣੀ, ਬਲਕਿ ਇਹਨੇ ਅਮਰੀਕੀਆਂ ਦੇ ਅਰਬ ਜਗਤ ਬਾਰੇ ਨਜ਼ਰੀਏ ਨੂੰ ਵੀ ਘੜਿਆ। ਇਸ ਜੰਗ ਦੌਰਾਨ ਅਮਰੀਕਾ ਤੇ ਯੂਰਪ ਅੰਦਰ ਇਜ਼ਰਾਇਲ ਪੱਖੀ ਤੇ ਅਰਬ ਵਿਰੋਧੀ ਮਾਨਸਿਕਤਾ ਜ਼ੋਰਾਂ 'ਤੇ ਸੀ। ਇਸ ਰੋਜ਼ਮਰ੍ਹਾ ਦੀ ਜ਼ਿੱਲ੍ਹਤ ਨੂੰ ਆਪਣੇ ਪਿੰਡੇ 'ਤੇ ਹੰਢਾਉਂਦਿਆਂ ਉਹਨੂੰ ਲੱਗਿਆ ਕਿ ਉਹ ਅਮਰੀਕਾ ਵਿਚ ਬੇਗਾਨਿਆਂ ਵਾਂਗ ਰਹਿ ਰਿਹਾ ਹੈ ਤੇ ਇਸ ਬੇਗਾਨਗੀ ਨੂੰ ਸਿੱਧੇ ਹੋ ਕੇ ਟੱਕਰਣ ਤੋਂ ਸਿਵਾ ਉਸ ਕੋਲ ਹੋਰ ਕੋਈ ਚਾਰਾ ਨਹੀਂ ਬਚਿਆ।

ਦਰਅਸਲ 1917 ਦੇ ਬਾਲਫੋਰ ਮਸੌਦੇ ਤੋਂ ਹੀ ਬਰਤਾਨੀਆ ਫਲਸਤੀਨ ਦੀ ਧਰਤੀ 'ਤੇ ਯਹੂਦੀ ਮੁਲਕ ਵਸਾਏ ਜਾਣ ਦੀ ਮੰਗ ਦਾ ਸਮਰਥਨ ਕਰ ਰਿਹਾ ਸੀ। ਇਸੇ ਨੀਤੀ ਤਹਿਤ ਵੱਖ-ਵੱਖ ਮੁਲਕਾਂ ਦੇ ਯਹੂਦੀਆਂ ਨੂੰ ਫਲਸਤੀਨ ਅੰਦਰ ਵਸਾਇਆ ਗਿਆ। ਜਿਉਂ-ਜਿਉਂ ਇਸ ਖਿੱਤੇ ਵਿਚ ਯਹੂਦੀਆਂ ਦੀ ਗਿਣਤੀ ਵਧੀ, ਇਸ ਇਲਾਕੇ ਦੇ ਮੂਲਵਾਸੀ ਅਰਬਾਂ ਅਤੇ ਯਹੂਦੀਆਂ ਵਿਚਕਾਰ ਤਣਾਓ ਵਧਣ ਲੱਗਿਆ। ਅਪਰੈਲ 1947 ਵਿਚ ਦੂਜੀ ਵਿਸ਼ਵ ਜੰਗ ਤੋਂ ਬਾਅਦ ਦੀਆਂ ਸਥਿਤੀਆਂ ਦੇ ਮੱਦੇਨਜ਼ਰ ਬਰਤਾਨੀਆ ਨੇ ਆਪਣੀਆਂ ਕਈ ਬਸਤੀਆਂ ਨੂੰ ਅਜ਼ਾਦ ਕਰਨ ਦਾ ਫ਼ੈਸਲਾ ਕੀਤਾ। ਫਲਸਤੀਨ ਵੀ ਇਨ੍ਹਾਂ ਵਿਚੋਂ ਇਕ ਸੀ। ਬਰਤਾਨੀਆ ਨੇ ਅਰਬ ਤੇ ਯਹੂਦੀਆਂ ਦੇ ਤਣਾਅ ਨੂੰ ਦੇਖਦਿਆਂ ਇਹ ਮਸਲਾ ਸੰਯੁਕਤ ਰਾਸ਼ਟਰ ਦੇ ਸਾਹਮਣੇ ਰੱਖਿਆ। ਸੰਯੁਕਤ ਰਾਸ਼ਟਰ ਨੇ ਇਸ ਮਸਲੇ ਨਾਲ ਨਜਿੱਠਣ ਲਈ ਇਕ ਕਮੇਟੀ ਦਾ ਗਠਨ ਕਰ ਦਿੱਤਾ, ਜਿਸ ਵਿਚ ਗਿਆਰਾਂ ਮੁਲਕਾਂ ਦੇ ਨੁਮਾਇੰਦਿਆਂ ਨੂੰ ਸ਼ਾਮਲ ਕੀਤਾ ਗਿਆ। ਇਸ ਕਮੇਟੀ ਨੇ ਦੋ ਸੁਝਾਅ ਦਿੱਤੇ। ਪਹਿਲੇ ਸੁਝਾਅ ਵਿਚ ਇਕ ਸਾਂਝੀ ਸਟੇਟ ਦੀ ਤਾਮੀਰ ਨੂੰ ਇਸ ਮਸਲੇ ਦੇ ਹੱਲ ਵਜੋਂ ਪੇਸ਼ ਕੀਤਾ ਗਿਆ। ਦੂਜੇ ਸੁਝਾਅ ਵਿਚ ਇਸ ਖਿੱਤੇ ਵਿਚ ਯਹੂਦੀਆਂ ਤੇ ਫਲਸਤੀਨੀਆਂ ਦੇ ਦੋ ਖ਼ੁਦਮੁਖ਼ਤਿਆਰ ਸੂਬਿਆਂ ਦੀ ਸਿਫ਼ਾਰਸ਼ ਕੀਤੀ ਗਈ। ਯੈਰੂਸ਼ਲਮ ਸ਼ਹਿਰ ਦੀ ਦੇਖ-ਰੇਖ ਦਾ ਜ਼ਿੰਮਾ ਕਿਸੇ


(ਪੰਨੇ 68-83)
www.sanvad.org
ISSN : 2395-1273

ਕੌਮਾਂਤਰੀ ਸੰਸਥਾਂ ਨੂੰ ਸੌਂਪਣ ਦੀ ਤਜਵੀਜ਼ ਵੀ ਇਸ ਸੁਝਾਅ ਦਾ ਹਿੱਸਾ ਸੀ। ਯਹੂਦੀਆਂ ਨੇ ਪਹਿਲੀ ਤਜਵੀਜ਼ ਨੂੰ ਮੰਨ ਲਿਆ ਅਤੇ ਦੂਜੀ ਨੂੰ ਰੱਦ ਕਰ ਦਿੱਤਾ, ਜਦਕਿ ਅਰਬਾਂ ਨੇ ਦੋਵਾਂ ਤਜਵੀਜ਼ਾਂ ਨਾਲ ਅਸਹਿਮਤੀ ਜਤਾਈ।

ਕਮੇਟੀ ਦੀ ਰਿਪੋਰਟ ਨੂੰ ਸੰਯੁਕਤ ਰਾਸ਼ਟਰ ਦੀ ਸੰਸਦ ਵਿਚ ਪੇਸ਼ ਕੀਤਾ ਗਿਆ ਤਾਂ ਯਹੂਦੀਆਂ ਨੇ ਕੌਮਾਂਤਰੀ ਪੱਧਰ 'ਤੇ ਆਪਣੇ ਪ੍ਰਭਾਵ ਸਦਕਾ ਕਈ ਮੁਲਕਾਂ ਨੂੰ ਪਹਿਲੇ ਮਤੇ ਦੇ ਹੱਕ ਵਿਚ ਵੋਟਾਂ ਪਾਉਣ ਲਈ ਮਨਾ ਲਿਆ। ਨਵੰਬਰ 1947 ਵਿਚ ਸੰਯੁਕਤ ਰਾਸ਼ਟਰ ਨੇ ਇਹ ਮਤਾ ਪਾਸ ਕਰ ਦਿੱਤਾ। ਇਹਦੇ ਪਾਸ ਹੋਣ ਤੋਂ ਤੁਰੰਤ ਬਾਅਦ ਯਹੂਦੀਆਂ ਤੇ ਅਰਬਾਂ ਵਿਚਕਾਰ ਦੰਗੇ ਭੜਕ ਉੱਠੇ। 15 ਮਈ 1948 ਨੂੰ ਜਿਉਂ ਹੀ ਬਰਤਾਨੀਆ ਨੇ ਫਲਸਤੀਨ ਤੋਂ ਆਪਣੀ ਰੁਖ਼ਸਤਗੀ ਦਾ ਫੈਸਲਾ ਲਿਆ, ਯਹੂਦੀਆਂ ਨੇ ਇਜ਼ਰਾਇਲ ਨਾਂ ਦੇ ਅਜ਼ਾਦ ਮੁਲਕ ਦੀ ਤਾਮੀਰ ਦਾ ਐਲਾਨ ਕਰ ਦਿੱਤਾ। ਅਗਲੇ ਹੀ ਦਿਨ ਮਿਸਰ, ਇਰਾਕ, ਸੀਰੀਆ ਤੇ ਲਿਬਨਾਨ ਦੀ ਸਾਂਝੀ ਫ਼ੌਜ ਨੇ ਪੂਰਬੀ ਤੇ ਦੱਖਣੀ ਫਲਸਤੀਨ ਦੇ ਇਲਾਕੇ 'ਤੇ ਜਦਕਿ ਇਜ਼ਰਾਇਲ ਨੇ ਯੈਰੂਸ਼ਲਮ ਸ਼ਹਿਰ 'ਤੇ ਕਬਜ਼ਾ ਕਰ ਲਿਆ। ਅਗਲੇ ਇਕ ਸਾਲ ਤਕ ਇਹ ਲੜਾਈ ਜਾਰੀ ਰਹੀ। 1949 ਦੇ ਮੁੱਢਲੇ ਮਹੀਨਿਆਂ ਤਕ ਇਜ਼ਰਾਇਲ ਨੇ ਬਹੁਤੇ ਫਲਸਤੀਨੀ ਇਲਾਕਿਆਂ ਨੂੰ ਸਰ ਕਰ ਲਿਆ। ਇਸ ਦੌਰਾਨ ਬਹੁਤੇ ਫਲਸਤੀਨੀਆਂ ਨੂੰ ਆਪਣਾ ਮੁਲਕ ਛੱਡ ਕੇ ਜਲਾਵਤਨ ਹੋਣਾ ਪਿਆ।

### ਫਲਸਤੀਨ ਦਾ ਸਵਾਲ

ਫਲਸਤੀਨ ਬਾਰੇ ਸਈਦ ਦੀ ਪਹਿਲੀ ਕਿਤਾਬ **ਦ ਕੁਅਸਚਨ ਆਫ ਫਲਸਤੀਨ** ਹੈ। ਇਜ਼ਰਾਇਲ ਦੀ ਤਾਮੀਰ ਨਾਲ ਫਲਸਤੀਨ ਵਾਸੀਆਂ ਨੂੰ ਝੱਲਣੇ ਪਏ ਉਜਾੜੇ ਦਾ ਬਿਆਨੀਆ ਇਸ ਪੁਸਤਕ ਦਾ ਬੁਨਿਆਦੀ ਨੁਕਤਾ ਹੈ। ਸਈਦ ਨੇ ਯਹੂਦੀਆਂ ਦੀ ਘਰ-ਵਾਪਸੀ ਦੇ ਨਾਅਰੇ ਨੂੰ ਫਲਸਤੀਨ 'ਤੇ ਕਾਇਮ ਕੀਤੇ ਬਸਤੀਵਾਦੀ ਨਿਜ਼ਾਮ ਦੇ ਅਮਲ ਵਜੋਂ ਵਿਚਾਰਿਆ ਹੈ। 1978 ਵਿਚ ਉਹਨੇ ਇਹ ਕਿਤਾਬ ਮੁਕੰਮਲ ਕੀਤੀ ਅਤੇ ਖਰੜੇ ਨੂੰ ਕਈ ਪ੍ਰਕਾਸ਼ਕਾਂ ਕੋਲ ਛਪਣ ਲਈ ਭੇਜਿਆ ਪਰ ਇਜ਼ਰਾਇਲ ਵਿਰੋਧੀ ਸੁਰ ਕਰਕੇ ਅਮਰੀਕਾ ਦਾ ਕੋਈ ਵੀ ਪ੍ਰਕਾਸ਼ਕ ਇਹਨੂੰ ਛਾਪਣ ਲਈ ਰਾਜ਼ੀ ਨਾ ਹੋਇਆ। ਦੂਜੇ ਪਾਸੇ ਲਿਬਨਾਨ ਦਾ ਇਕ ਪ੍ਰਕਾਸ਼ਕ ਇਸ ਕਿਤਾਬ ਦਾ ਅਰਬੀ ਤਰਜਮਾ ਛਾਪਣ ਲਈ ਤਿਆਰ ਤਾਂ ਹੋ ਗਿਆ, ਪਰ ਉਹਨੇ ਸ਼ਰਤ ਰੱਖੀ ਕਿ ਇਸ ਵਿਚੋਂ ਅਰਬ ਮੁਲਕਾਂ ਦੀ ਆਲੋਚਨਾ ਵਾਲਾ ਹਿੱਸਾ ਹਟਾ ਲਿਆ ਜਾਵੇ। ਸਈਦ ਇਸ ਬੇਲੋੜੇ ਸੈਂਸਰ ਲਈ ਤਿਆਰ ਨਹੀਂ ਸੀ। ਲਿਹਾਜ਼ਾ, ਇਸ ਕਿਤਾਬ ਨੂੰ ਪ੍ਰਕਾਸ਼ਨ ਲਈ ਇਕ ਸਾਲ ਹੋਰ ਉਡੀਕ ਕਰਨੀ ਪਈ। 1978 ਵਿਚ **ਓਰੀਐਂਟਲਿਜ਼ਮ** ਦੀ ਮਕਬੂਲੀਅਤ ਨਾਲ ਸਈਦ ਨੂੰ ਕੌਮਾਂਤਰੀ ਮਾਨਤਾ ਮਿਲੀ ਤਾਂ **ਕੁਅਸਚਨ ਆਫ ਫਲਸਤੀਨ** ਦੇ ਪ੍ਰਕਾਸ਼ਨ ਦਾ ਰਾਹ ਵੀ ਖੁੱਲ੍ਹ ਗਿਆ। 1979 ਵਿਚ ਟਾਇਮ ਬੁੱਕਸ ਨੇ ਇਸ ਕਿਤਾਬ ਨੂੰ ਬਿਨ੍ਹਾਂ ਕਿਸੇ ਸੈਂਸਰ ਦੇ ਛਾਪਿਆ।

ਇਸ ਕਿਤਾਬ ਦਾ ਮਕਸਦ ਪੱਛਮੀ ਮੁਲਕਾਂ ਅੰਦਰ ਅਰਬੀ ਲੋਕਾਂ ਦੇ ਅੱਤਵਾਦੀ ਜਾਂ ਬੇਗੁਨਾਹਾਂ ਦਾ ਕਾਤਲ ਹੋਣ ਦੀ ਧਾਰਨਾ ਨੂੰ ਚੁਣੌਤੀ ਦੇਣਾ ਹੈ। ਸਈਦ ਦੱਸਦਾ ਹੈ ਕਿ ਇਹ ਅਜਿਹੀ ਮਿੱਥ ਹੈ, ਜਿਸ ਨਾਲ ਇਜ਼ਰਾਇਲ ਦੀਆਂ ਤਮਾਮ ਵਧੀਕੀਆਂ 'ਤੇ ਪਰਦਾ ਪਾ ਦਿੱਤਾ ਜਾਂਦਾ ਹੈ। ਯਹੂਦੀਆਂ ਨੇ ਪੱਛਮ ਅੰਦਰ ਅਰਬ ਵਿਰੋਧੀ ਇਸ ਬਿਆਨੀਏ ਦਾ ਪ੍ਰਚਾਰ ਬੜੇ ਜ਼ੋਰ-ਸ਼ੋਰ ਨਾਲ ਕੀਤਾ। ਯਹੂਦੀਆਂ ਦੀ ਨਸਲਕੁਸ਼ੀ ਦੀ ਦੁਹਾਈ ਦੇ ਕੇ ਸਾਰੀ ਦੁਨੀਆ ਨੂੰ ਇਜ਼ਰਾਇਲ ਦੀ ਤਜਵੀਜ਼ 'ਤੇ ਰਾਜ਼ੀ ਕਰ ਲਿਆ ਗਿਆ। ਇਜ਼ਰਾਇਲ ਲਈ ਫਲਸਤੀਨੀ ਜ਼ਮੀਨ ਨੂੰ ਚੁਣਨ ਬਾਬਤ ਦਲੀਲ ਦਿੱਤੀ ਗਈ ਕਿ ਯਹੂਦੀਆਂ ਦੇ ਹਿੱਸੇ ਸੇਵਾ ਲੱਗੀ ਹੈ ਕਿ ਉਹ ਇਸ ਬੰਜਰ ਜ਼ਮੀਨ ਨੂੰ ਅਬਾਦ ਕਰਨ; ਇਹ ਯਹੂਦੀਆਂ ਤੇ ਅਰਬਾਂ ਦੋਵਾਂ ਲਈ ਸਵਾਬ ਦਾ ਕੰਮ ਹੈ।

ਲਿਹਾਜ਼ਾ, ਇਜ਼ਰਾਇਲ ਦਾ ਵਿਚਾਰ ਭਾਵੇਂ ਯੂਰਪ ਅੰਦਰ ਪ੍ਰਵਾਨ ਚੜ੍ਹਿਆ ਪਰ ਇਹਨੂੰ ਹਕੀਕੀ ਜਾਮਾ ਫਲਸਤੀਨ ਦੀ ਧਰਤੀ 'ਤੇ ਪਹਿਨਾਇਆ ਗਿਆ। ਦੂਜੇ ਪਾਸੇ ਇਸ ਸਭ ਦੀ ਕੀਮਤ ਫਲਸਤੀਨੀਆਂ ਨੂੰ ਚੁਕਾਉਣੀ ਪਈ। ਸਈਦ ਦੱਸਦਾ ਹੈ ਕਿ ਪਿਛਲੇ ਸੌ ਸਾਲਾਂ 'ਚ ਸ਼ਾਇਦ ਹੀ ਕੋਈ ਅਜਿਹਾ ਯਹੂਦੀ ਹੋਵੇਗਾ, ਜਿਹਦੀ ਜ਼ਿੰਦਗੀ 'ਤੇ ਇਜ਼ਰਾਇਲ ਦੀ ਤਾਮੀਰ ਦਾ ਅਸਰ ਨਾ ਹੋਇਆ ਹੋਵੇ। ਦੂਜੇ ਪਾਸੇ ਕੋਈ ਫਲਸਤੀਨੀ ਵੀ ਅਜਿਹਾ ਨਹੀਂ, ਜਿਹਨੂੰ ਇਸ ਨਵੇਂ ਮੁਲਕ ਦਾ ਖਾਮਿਆਜ਼ਾ ਨਾ ਭੁਗਤਣਾ ਪਿਆ ਹੋਵੇ।[1]

ਸਈਦ ਇਜ਼ਰਾਇਲ ਦੀ ਤਾਮੀਰ ਨੂੰ ਬਸਤੀਵਾਦੀ ਪ੍ਰਾਜੈਕਟ ਕਹਿੰਦਾ ਹੈ। ਉਹਦਾ ਮੰਨਣਾ ਹੈ ਕਿ ਕਿਸੇ ਦੂਜੇ ਖਿੱਤੇ ਦੇ ਬਾਸ਼ਿੰਦਿਆਂ ਦੀਆਂ ਭਾਵਨਾਵਾਂ ਨੂੰ ਦਰਕਿਨਾਰ ਕਰਕੇ ਸੱਤਾ ਕਾਇਮ ਕਰਨਾ ਬਸਤੀਵਾਦੀ ਸੋਚ ਦਾ ਸਿੱਟਾ ਹੈ। ਇਜ਼ਰਾਇਲ ਵਸਾ ਕੇ ਫਲਸਤੀਨੀ ਜ਼ਮੀਨ 'ਤੇ ਕਬਜ਼ਾ ਹੀ ਨਹੀਂ ਕੀਤਾ ਗਿਆ, ਬਲਕਿ ਇਸ ਕਬਜ਼ੇ ਨੂੰ

ਸਾਮਰਾਜੀ ਬਿਆਨੀਏ ਨਾਲ ਜਾਇਜ਼ ਵੀ ਠਹਿਰਾਇਆ ਗਿਆ। ਇਜ਼ਰਾਇਲ ਦਾ ਇਹ ਬਿਰਤਾਂਤ ਉਨੀਵੀਂ ਸਦੀ ਦੇ ਯੂਰਪੀ ਬਸਤੀਵਾਦ ਦੀਆਂ ਧਾਰਨਾਵਾਂ ਨਾਲ ਇੰਨ-ਬਿੰਨ ਮੇਲ ਖਾਂਦਾ ਹੈ। ਯੂਰਪੀ ਸਾਮਰਾਜ ਨੇ ਵੀ ਇਹੋ ਪ੍ਰਚਾਰ ਕੀਤਾ ਸੀ ਕਿ ਏਸ਼ੀਆ ਤੇ ਅਫਰੀਕਾ ਵਿਚ ਬਸਤੀਵਾਦ ਕਾਇਮ ਕਰਨ ਪਿੱਛੇ ਉਨ੍ਹਾਂ ਦਾ ਆਪਣਾ ਕੋਈ ਹਿੱਤ ਨਹੀਂ; ਇਹ ਸਭ ਤਾਂ ਤੀਜੀ ਦੁਨੀਆ ਅੰਦਰ ਗਿਆਨ ਦਾ ਦੀਵਾ ਬਾਲਣ ਖ਼ਾਤਿਰ ਕੀਤਾ ਗਿਆ ਹੈ।

ਯੂਰਪੀ ਬਸਤੀਵਾਦ ਦੀਆਂ ਲੀਹਾਂ 'ਤੇ ਚੱਲਦਿਆਂ ਇਜ਼ਰਾਇਲ ਨੇ ਵੀ ਫਲਸਤੀਨ ਅੰਦਰ ਆਪਣੀ ਹਾਜ਼ਰੀ ਨੂੰ ਸਭਿਅਤਾ ਦੇ ਵਿਕਾਸ ਲਈ ਕੀਤੀ ਪਹਿਲਕਦਮੀ ਦੱਸਿਆ। ਇੰਝ ਇਜ਼ਰਾਇਲ ਲਈ ਲੜਾਈ ਮੱਧ ਏਸ਼ੀਆ ਦੀ ਥਾਂ ਪੱਛਮੀ ਮੁਲਕਾਂ ਅੰਦਰ ਲੜੀ ਗਈ। ਇਹ ਹਥਿਆਰਾਂ ਦੀ ਨਹੀਂ ਵਿਚਾਰਾਂ ਦੀ ਲੜਾਈ ਸੀ। ਇਜ਼ਰਾਇਲ ਦੀ ਤਾਮੀਰ ਇਸ ਵਿਚਾਰਧਾਰਕ ਜੰਗ ਵਿਚ ਹਾਸਲ ਕੀਤੀ ਜਿੱਤ 'ਤੇ ਨਿਰਭਰ ਸੀ। ਇਸ ਲਈ ਯਹੂਦੀਆਂ ਨੇ ਆਪਣਾ ਸਾਰਾ ਜ਼ੋਰ ਪ੍ਰਚਾਰ ਵੱਲ ਲਾਇਆ। ਇਸ ਪ੍ਰਚਾਰ ਨਾਲ ਹੀ ਉਨ੍ਹਾਂ ਅਮਰੀਕਾ ਅਤੇ ਯੂਰਪੀ ਮੁਲਕਾਂ ਨੂੰ ਨਵਾਂ ਮੁਲਕ ਵਸਾਉਣ ਖ਼ਾਤਿਰ ਰਾਜ਼ੀ ਕੀਤਾ। ਯਹੂਦੀਆਂ ਨੇ ਇਸ ਗੱਲ ਨੂੰ ਉਭਾਰਿਆ ਕਿ ਇਜ਼ਰਾਇਲ ਦੂਰ-ਦੁਰਾਡੇ ਦੀ ਬੰਜਰ ਜ਼ਮੀਨ ਨੂੰ ਅਬਾਦ ਕਰਨ ਦਾ ਸੁਪਨਾ ਹੈ। ਫਲਸਤੀਨੀਆਂ ਬਾਰੇ ਕਿਹਾ ਗਿਆ ਕਿ ਇਹ ਪੁਰਾਣੇ ਜ਼ਮਾਨੇ ਦੇ ਮਜ਼ਬੀ ਲੋਕ ਹਨ, ਜਿਹੜੇ ਆਪਣਾ ਬੁਰਾ-ਭਲਾ ਨਹੀਂ ਸੋਚ ਸਕਦੇ। ਪੱਛਮ ਦੀ ਤਕਨੀਕ ਤੇ ਯਹੂਦੀਆਂ ਦਾ ਦਿਮਾਗ ਮਿਲ ਕੇ ਇਨ੍ਹਾਂ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾ ਸਕਦਾ ਹੈ। ਲਿਹਾਜ਼ਾ, ਯਹੂਦੀਆਂ ਨੇ ਫਲਸਤੀਨੀਆਂ ਬਾਰੇ ਜੋ ਕਿਹਾ, ਦੁਨੀਆ ਨੇ ਉਸੇ ਨੂੰ ਸੱਚ ਮੰਨ ਲਿਆ। ਦਰਅਸਲ ਅਰਬ ਮੁਲਕਾਂ ਦੀ ਬਹੁਗਿਣਤੀ ਮੁਸਲਮਾਨ ਹੈ। ਪੱਛਮੀ ਸਮਾਜਾਂ ਅੰਦਰ ਮੱਧਕਾਲ ਤੋਂ ਹੀ ਇਸਲਾਮ ਬਾਰੇ ਨਫ਼ਰਤ ਮੌਜੂਦ ਰਹੀ ਹੈ। ਇਹੀ ਕਾਰਨ ਹੈ ਕਿ ਇਜ਼ਰਾਇਲ ਦੇ ਪ੍ਰਚਾਰ ਨੂੰ ਪੱਛਮੀ ਮੁਲਕਾਂ ਨੇ ਵੀ ਬਿਨ੍ਹਾਂ ਕਿਸੇ ਵੱਡੇ ਕਿੰਤੂ-ਪ੍ਰੰਤੂ ਦੇ ਸਵੀਕਾਰ ਕਰ ਲਿਆ। ਉਨ੍ਹਾਂ ਨੂੰ ਇਹ ਸਭ ਅਗਾਂਹਵਧੂ ਕਦਮ ਲੱਗਿਆ, ਜਿਸ ਨਾਲ ਮੱਧਕਾਲੀ ਮਾਨਸਿਕਤਾ ਦੇ ਧਾਰਨੀ ਅਰਬ ਲੋਕਾਂ ਦੇ ਹਨੇਰੇ ਜੀਵਨ ਵਿਚ ਜਮਹੂਰੀਅਤ ਦਾ ਦੀਵਾ ਬਾਲ਼ਿਆ ਜਾ ਸਕਦਾ ਹੈ।

ਯਹੂਦੀਆਂ ਨੇ ਵਿਗਿਆਨ, ਸਿਆਸਤ ਤੇ ਸਭਿਆਚਾਰ ਦੇ ਖੇਤਰ ਵਿਚ ਕਈ ਮੱਲ੍ਹਾਂ ਮਾਰੀਆਂ, ਜਿਸ ਕਰਕੇ ਪੱਛਮੀ ਮੁਲਕਾਂ ਵਿਚ ਇਜ਼ਰਾਇਲ ਦੀ ਤਾਮੀਰ ਨੂੰ ਆਧੁਨਿਕਤਾ ਤੇ ਜਮਹੂਰੀਅਤ ਨਾਲ ਜੋੜ ਕੇ ਦੇਖਿਆ ਗਿਆ। ਦੂਜੇ ਪਾਸੇ ਅਰਬੀ ਲੋਕਾਂ ਦੀ ਅਜਿਹੀ ਕੋਈ ਪ੍ਰਾਪਤੀ ਨਜ਼ਰ ਨਹੀਂ ਆਉਂਦੀ, ਜਿਸ ਦੇ ਅਧਾਰ 'ਤੇ ਉਹ ਦੁਨੀਆ ਸਾਹਵੇਂ ਆਪਣਾ ਪੱਖ ਰੱਖ ਸਕਣ। ਇਜ਼ਰਾਇਲ ਦਾ ਆਧੁਨਿਕ ਲੀਹਾਂ 'ਤੇ ਸਫ਼ਰ ਅਤੇ ਇਹਦੇ ਮੁਕਾਬਲੇ ਫਲਸਤੀਨ ਦਾ ਇਸਲਾਮ ਦੇ ਦਾਇਰੇ ਤਕ ਸੀਮਤ ਹੋਣਾ ਇਸ ਵਿਚਾਰਧਾਰਕ ਲੜਾਈ ਨੂੰ ਇਜ਼ਰਾਇਲ ਦੇ ਹੱਕ ਵਿਚ ਭੁਗਤਾਉਂਦਾ ਹੈ। ਫਲਸਤੀਨੀਆਂ ਕੋਲ ਆਪਣੇ ਦਮਨ ਦੀ ਕਹਾਣੀ ਤੋਂ ਸਿਵਾ ਅਜਿਹਾ ਕੁਝ ਹੋਰ ਨਹੀਂ, ਜਿਸ ਨਾਲ ਦੁਨੀਆ ਦਾ ਧਿਆਨ ਖਿੱਚਿਆ ਜਾ ਸਕੇ।

ਬੇਸ਼ੱਕ, ਸਈਦ ਇਜ਼ਰਾਇਲ ਨੂੰ ਉਨੀਵੀਂ ਸਦੀ ਦੇ ਬਸਤੀਵਾਦ ਨਾਲ ਜੋੜ ਕੇ ਦੇਖਦਾ ਹੈ, ਪਰ ਨਾਲ ਹੀ ਉਹ ਇਜ਼ਰਾਇਲੀ ਨਿਜ਼ਾਮ ਨੂੰ ਯੂਰਪੀ ਸਾਮਰਾਜ ਤੋਂ ਨਿਖੇੜਦਾ ਵੀ ਹੈ। ਉਹਦਾ ਕਹਿਣਾ ਹੈ ਕਿ ਇਜ਼ਰਾਇਲ ਦੀ ਸਥਾਪਨਾ ਬਾਹਰੋਂ ਆਏ ਆਬਾਦਕਾਰਾਂ ਵੱਲੋਂ ਕਿਸੇ ਖਿੱਤੇ ਦੇ ਵਸਨੀਕਾਂ ਨੂੰ ਆਪਣੇ ਆਰਥਿਕ ਹਿੱਤਾਂ ਮੁਤਾਬਿਕ ਢਾਲਣ ਤਕ ਸੀਮਤ ਨਹੀਂ। ਇਹ ਅਜਿਹੀ ਸਟੇਟ ਹੈ, ਜਿਸ ਵਿਚੋਂ ਮੂਲਵਾਸੀ ਲਗਭਗ ਗ਼ੈਰਹਾਜ਼ਰ ਹੈ। ਇਜ਼ਰਾਇਲ, ਨਿਰੋਲ ਯਹੂਦੀ ਮੁਲਕ ਦਾ ਤਸੱਵਰ ਹੈ; ਇਸ ਵਿਚ ਅਰਬ ਲੋਕਾਂ ਲਈ ਕੋਈ ਥਾਂ ਨਹੀਂ।[2]

ਦੂਜੇ ਪਾਸੇ ਇਜ਼ਰਾਇਲ ਅਮਰੀਕਾ ਅਤੇ ਯੂਰਪੀ ਮੁਲਕਾਂ ਦੀ ਸਿਆਸੀ ਰਣਨੀਤੀ ਦਾ ਵੀ ਹਿੱਸਾ ਸੀ। ਮੱਧ ਏਸ਼ੀਆ ਦੇ ਬਿਲਕੁਲ ਵਿਚਕਾਰ ਸਿਆਸੀ ਪੈਂਠ ਕਾਇਮ ਕਰਕੇ ਅਮਰੀਕਾ ਨਾ ਸਿਰਫ਼ ਇਸਲਾਮ ਬਲਕਿ ਸੋਵੀਅਤ ਯੂਨੀਅਨ ਦੀ ਚੜ੍ਹਤ ਨੂੰ ਵੀ ਠੱਲ ਸਕਦਾ ਸੀ। ਇਸ ਨੀਤੀ ਨੂੰ ਅਮਲੀ ਜਾਮਾ ਪਹਿਨਾਉਣ ਲਈ ਅਮਰੀਕਾ ਨੇ ਮੀਡੀਆ ਦੀ ਮਦਦ ਲਈ। ਅਮਰੀਕੀ ਮੀਡੀਆ ਨੇ ਇਸ ਗੱਲ ਨੂੰ ਬੜੇ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਕਿ ਇਜ਼ਰਾਇਲ ਦੀ ਤਾਮੀਰ ਜਮਹੂਰੀਅਤ ਪੱਖੀ ਅਮਲ ਹੈ ਤੇ ਅਮਰੀਕਾ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਉਦਾਰਵਾਦੀ ਲੋਕਤੰਤਰ ਦੀ ਹਮਾਇਤ ਕਰੇ। ਅਮਰੀਕੀ ਮੀਡੀਆ ਨੇ ਇਜ਼ਰਾਇਲ ਦਾ ਵਿਰੋਧ ਕਰਨ ਵਾਲੀਆਂ ਧਿਰਾਂ ਨੂੰ ਮੱਧਕਾਲੀ ਤੁਅੱਸਬੀ ਲੋਕ ਕਹਿ ਕੇ ਭੰਡਣਾ ਸ਼ੁਰੂ ਕਰ ਦਿੱਤਾ। ਕਿਹਾ ਗਿਆ ਕਿ ਇਹ ਲੋਕ ਨਹੀਂ ਚਾਹੁੰਦੇ ਕਿ ਦੁਨੀਆ ਅੰਦਰ ਜਮਹੂਰੀਅਤ ਦਾ ਪਰਚਮ ਬੁਲੰਦ ਹੋਵੇ। ਅਮਰੀਕੀ ਸਰਕਾਰ ਨੇ ਨਾ ਸਿਰਫ਼ ਇਜ਼ਰਾਇਲ ਦੇ ਨਿਰਮਾਣ ਨੂੰ ਜਾਇਜ਼ ਠਹਿਰਾਇਆ, ਸਗੋਂ ਇਸ ਕੰਮ ਲਈ ਵੱਡੀ ਆਰਥਿਕ ਮਦਦ ਵੀ ਮੁਹੱਈਆ ਕੀਤੀ। ਅਮਰੀਕਾ ਵੱਲੋਂ ਹਰ ਵਰ੍ਹੇ ਦੂਜੇ ਮੁਲਕਾਂ ਨੂੰ ਦਿੱਤੀ ਜਾਂਦੀ ਮਾਲ਼ੀ ਇਮਦਾਦ ਦੀ ਸੂਚੀ ਵਿਚ ਇਜ਼ਰਾਇਲ ਦਾ ਪਹਿਲਾ ਨੰਬਰ ਹੈ। ਇਸੇ ਕਾਰਨ ਇਜ਼ਰਾਇਲ ਦੀਆਂ


www.sanvad.org
ISSN : 2395-1273

ਸਿਆਸੀ ਨੀਤੀਆਂ 'ਤੇ ਅਮਰੀਕਾ ਦੇ ਪ੍ਰਭਾਵ ਨੂੰ ਸਪਸ਼ਟ ਤੌਰ 'ਤੇ ਪਛਾਣਿਆ ਜਾ ਸਕਦਾ ਹੈ। ਦੂਜੇ ਪਾਸੇ ਅਮਰੀਕਾ ਵਿਚ ਵੀ ਇਜ਼ਰਾਇਲ ਦੀ ਵਿਦੇਸ਼ ਨੀਤੀ ਨੂੰ ਸਮਰਥਨ ਹਾਸਲ ਹੈ।

ਇਸ ਤਰ੍ਹਾਂ ਅਮਰੀਕਾ ਨੇ ਆਪਣੀ ਸਿਆਸੀ ਰਣਨੀਤੀ ਨੂੰ ਲੋਕਤੰਤਰ ਦੇ ਨਕਾਬ ਹੇਠ ਛੁਪਾ ਕੇ ਇਜ਼ਰਾਇਲ ਪੱਖੀ ਮੁਹਿੰਮ ਚਲਾਈ ਅਤੇ ਇਸ ਮੁਹਿੰਮ ਨੂੰ ਮਨਚਾਹੀ ਸਫ਼ਲਤਾ ਵੀ ਹਾਸਲ ਹੋਈ। ਅਮਰੀਕਾ ਅਤੇ ਹੋਰ ਯੂਰਪੀ ਮੁਲਕਾਂ ਦੀ ਲੋਕਾਈ ਨੇ ਇਸ ਬਿਰਤਾਂਤ ਨੂੰ ਸੱਚ ਮੰਨ ਲਿਆ। ਅਜਿਹਾ ਇਸ ਲਈ ਵੀ ਮੁਮਕਿਨ ਹੋ ਸਕਿਆ ਕਿਉਂਕਿ ਪੱਛਮ ਅੰਦਰ ਫਲਸਤੀਨ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਵਾਲੀ ਕੋਈ ਧਿਰ ਮੌਜੂਦ ਨਹੀਂ ਸੀ। ਪੱਛਮੀ ਸਮਾਜਾਂ ਅੰਦਰ ਇਜ਼ਰਾਇਲ ਦੇ ਹੱਕ ਵਿਚ ਤਾਂ ਲੋਕ-ਰਾਇ ਕਾਇਮ ਹੋ ਗਈ ਪਰ ਦੂਜੇ ਪਾਸੇ ਫਲਸਤੀਨੀਆਂ ਦੀ ਪੀੜ ਇਸ ਬਿਰਤਾਂਤ ਦੇ ਅੰਦਰਖ਼ਾਤੇ ਦਬ ਕੇ ਰਹਿ ਗਈ। ਇਜ਼ਰਾਇਲ ਦੀ ਕਥਾ ਵਿਚ ਫਲਸਤੀਨੀ, ਯਹੂਦੀਆਂ ਨੂੰ ਵੱਖਰਾ ਮੁਲਕ ਦੇਣ ਵਾਲੇ ਖ਼ੁਦਾ ਦੇ ਵਾਅਦੇ ਖ਼ਿਲਾਫ਼ ਭੁਗਤਣ ਵਾਲੇ ਬਾਗ਼ੀ ਹਨ। ਯਹੂਦੀਆਂ ਦਾ ਦਾਅਵਾ ਹੈ ਕਿ ਰੱਬ ਦੀ ਹੁਕਮ ਅਦੂਲੀ ਕਰਕੇ ਹੀ ਉਨ੍ਹਾਂ ਨੂੰ ਉਜਾੜੇ ਦੀ ਸਜ਼ਾ ਭੁਗਤਣੀ ਪਈ ਹੈ।

**ਦ ਕੁਅਸਚਨ ਆਫ ਫਲਸਤੀਨ** ਦਾ ਸਭ ਤੋਂ ਅਹਿਮ ਲੇਖ 'ਜ਼ਿਊਨਿਜ਼ਮ ਫਰਾਮ ਦ ਸਟੈਂਡ ਪੁਆਇੰਟ ਆਫ ਇਟਜ਼ ਵਿਕਟਿਮਜ਼' ਹੈ। ਇਸ ਲੇਖ ਵਿਚ ਸਈਦ ਫਲਸਤੀਨੀਆਂ ਨੂੰ ਪੀੜਤਾਂ ਹੱਥੋਂ ਪੀੜਤ (Victims of the victims) ਕਹਿੰਦਾ ਹੈ। ਉਹ ਦੱਸਦਾ ਹੈ ਕਿ ਇਹ ਜ਼ਰੂਰੀ ਨਹੀਂ ਕਿ ਦਮਨ ਝੱਲਣ ਵਾਲੇ ਦੂਜਿਆਂ 'ਤੇ ਤਸ਼ੱਦਦ ਨਾ ਢਾਹੁਣ। ਖ਼ੁਦ ਨਾਜ਼ੀਆਂ ਹੱਥੋਂ ਪੀੜਤ ਯਹੂਦੀਆਂ ਨੇ ਅਗਾਂਹ ਫਲਸਤੀਨੀਆਂ ਦਾ ਕਤਲੇਆਮ ਕੀਤਾ ਜਦਕਿ ਬਰਾਬਰੀ ਤੇ ਭਾਈਚਾਰੇ ਦੀ ਮੁਹਾਰਨੀ ਰਟਣ ਵਾਲਾ ਪੱਛਮ ਇਸ ਸਾਰੇ ਵਰਤਾਰੇ ਨੂੰ ਅਣਡਿੱਠ ਕਰਦਾ ਰਿਹਾ। ਜਿਸ ਸਮੇਂ ਫਲਸਤੀਨ ਨਾਲ ਇਹ ਸਭ ਵਾਪਰ ਰਿਹਾ ਸੀ, ਠੀਕ ਉਸੇ ਵੇਲੇ ਦੱਖਣੀ ਅਫ਼ਰੀਕਾ ਵਿਚ ਰੰਗ ਭੇਦ ਤੇ ਨਸਲ ਦੇ ਨਾਂ 'ਤੇ ਹੁੰਦੇ ਵਿਤਕਰੇ ਖ਼ਿਲਾਫ਼ ਲਹਿਰ ਪ੍ਰਚੰਡ ਹੋ ਰਹੀ ਸੀ। ਸਾਰੀ ਦੁਨੀਆ ਦੇ ਅਮਨ ਪਸੰਦ ਅਤੇ ਜਮਹੂਰੀ ਮੁਲਕਾਂ ਨੇ ਇਸ ਲਹਿਰ ਦਾ ਸਮਰਥਨ ਕੀਤਾ, ਪਰ ਫਲਸਤੀਨ ਦੇ ਪੱਖ ਵਿਚ ਕਿਸੇ ਨੇ ਹਾਅ ਦਾ ਨਾਹਰਾ ਨਹੀਂ ਮਾਰਿਆ। ਇਥੋਂ ਤਕ ਕਿ ਖ਼ੁਦ ਨੂੰ ਰੈਡੀਕਲ ਕਹਿਣ ਵਾਲੀਆਂ ਧਿਰਾਂ ਵੀ ਇਜ਼ਰਾਇਲ ਦੇ ਹੱਕ ਵਿਚ ਭੁਗਤਣ ਲੱਗੀਆਂ। ਸਈਦ ਦੱਸਦਾ ਹੈ ਕਿ ਫਲਸਤੀਨੀਆਂ ਲਈ ਇਜ਼ਰਾਇਲ ਕਿਸੇ ਬਸਤੀਵਾਦੀ ਨਿਜ਼ਾਮ ਤੋਂ ਘੱਟ ਨਹੀਂ। ਜਲਾਵਤਨ ਫਲਸਤੀਨੀਆਂ ਨੇ ਗੁਆਂਢੀ ਅਰਬ ਮੁਲਕਾਂ ਵਿਚ ਪਨਾਹ ਲਈ, ਪਰ ਉਥੇ ਵੀ ਉਹ ਸ਼ਰਨਾਰਥੀਆਂ ਵਾਂਗ ਵਿਚਰਦੇ ਰਹੇ। ਕੌਮਾਂਤਰੀ ਅਤੇ ਖ਼ਾਸ ਕਰਕੇ ਅਮਰੀਕੀ ਦਬਾਅ ਕਾਰਨ ਇਨ੍ਹਾਂ ਅਰਬ ਮੁਲਕਾਂ ਵਿਚ ਵੀ ਫਲਸਤੀਨੀਆਂ ਦਾ ਪੱਕਾ ਵਸੇਬਾ ਮੁਮਕਿਨ ਨਾ ਹੋ ਸਕਿਆ। ਉਨ੍ਹਾਂ ਲਈ ਨਾ ਤਾਂ ਆਪਣੇ ਦੇਸ ਵਿਚ ਥਾਂ ਬਚੀ ਅਤੇ ਨਾ ਹੀ ਬੇਗਾਨੇ ਮੁਲਕਾਂ ਵਿਚ।

ਇਸ ਲੇਖ ਵਿਚ ਸਈਦ ਯਹੂਦੀਆਂ ਦੇ ਮੁੜ ਵਸੇਬੇ ਦੀ ਲਹਿਰ ਪਿੱਛੇ ਕੰਮ ਕਰਦੀ ਸਿਆਸਤ ਬਾਰੇ ਵੀ ਚਰਚਾ ਕਰਦਾ ਹੈ। ਇਸ ਸਿਆਸੀ ਨੀਤੀ ਦੇ ਦੋ ਪੱਖ ਹਨ। ਪਹਿਲਾ ਸਿਧਾਂਤਕ ਪਹਿਲੂ ਹੈ, ਜਿਸ ਤਹਿਤ ਯਹੂਦੀਆਂ ਦੀ ਘਰ ਵਾਪਸੀ ਦੀ ਇਤਿਹਾਸਕ ਬੰਸਾਵਲੀ ਨੂੰ ਸਮਝਣਾ ਅਹਿਮ ਹੈ। ਇਸ ਸਿਧਾਂਤਕ ਪੜਚੋਲ ਦਾ ਮਕਸਦ ਯਹੂਦੀਆਂ ਦੇ ਪਿਛੋਕੜ ਅਤੇ ਉਨ੍ਹਾਂ ਦੀ ਸਿਆਸੀ ਇੱਛਾ ਵਾਲੀਆਂ ਪਰਤਾਂ ਨੂੰ ਫਰੋਲਣਾ ਹੈ। ਦੂਜਾ ਇਸ ਨੀਤੀ ਦਾ ਵਿਹਾਰਕ ਪੱਖ ਹੈ, ਜਿਸ ਬਾਬਤ ਇਹ ਸਮਝਣਾ ਅਹਿਮ ਹੈ ਕਿ ਕਿਵੇਂ ਸੱਤਾ ਅਤੇ ਗਿਆਨ ਦੇ ਗੱਠਜੋੜ ਨਾਲ ਅਤੀਤ ਤੋਂ ਸੇਧ ਲੈ ਕੇ ਸਿਧਾਂਤਕ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਇਆ ਜਾਂਦਾ ਹੈ। ਸਈਦ ਕਹਿਣਾ ਚਾਹੁੰਦਾ ਹੈ ਕਿ ਇਜ਼ਰਾਇਲ ਨੂੰ ਮਹਿਜ਼ ਕਿਸੇ ਸਿਆਸੀ ਲਹਿਰ ਦੀ ਸਫ਼ਲਤਾ ਤਕ ਸੀਮਤ ਕਰਕੇ ਨਹੀਂ ਦੇਖਿਆ ਜਾਣਾ ਚਾਹੀਦਾ। ਇਸ ਪਿੱਛੇ ਬਸਤੀਵਾਦੀ ਅਤੀਤ ਮੌਜੂਦ ਹੈ। ਇਹ ਇਤਿਹਾਸ ਹੀ ਯਹੂਦੀਆਂ ਨੂੰ ਦੂਜਿਆਂ ਦੀ ਜ਼ਮੀਨ 'ਤੇ ਕਾਬਜ਼ ਹੋਣ ਦਾ ਨੈਤਿਕ ਹੱਕ ਮੁਹੱਈਆ ਕਰਦਾ ਹੈ ਤੇ ਇਸੇ ਹੱਕ ਸਦਕਾ ਇਜ਼ਰਾਇਲ ਦੀ ਤਾਮੀਰ ਨੂੰ ਹਕੀਕੀ ਜਾਮਾ ਪਹਿਨਾਉਣਾ ਮੁਮਕਿਨ ਹੋ ਸਕਿਆ ਹੈ।

ਦੁਨੀਆ ਭਰ ਵਿਚ ਹੁੰਦੇ ਵਿਤਕਰੇ ਖ਼ਿਲਾਫ਼ ਬੋਲਣ ਵਾਲਾ ਜਮਹੂਰੀ ਮੁਹਾਜ਼ ਵੀ ਇਜ਼ਰਾਇਲ ਦੀ ਉਸਾਰੀ ਨੂੰ ਜਾਇਜ਼ ਮੰਨਦਾ ਹੈ। ਬੇਸ਼ੱਕ ਇਹਦਾ ਇਕ ਕਾਰਨ ਅਰਬ ਮੁਲਕਾਂ ਵਿਚ ਰਾਜ ਕਰਦੇ ਤਾਨਾਸ਼ਾਹਾਂ ਦੀਆਂ ਨੀਤੀਆਂ ਵੀ ਹਨ। ਇਨ੍ਹਾਂ ਤਾਨਾਸ਼ਾਹੀ ਹਕੂਮਤਾਂ ਖ਼ਿਲਾਫ਼ ਲੜਨ ਕਾਰਨ ਉਦਾਰਵਾਦੀ ਤੇ ਜਮਹੂਰੀਅਤ ਪਸੰਦ ਬੁੱਧੀਜੀਵੀ ਇਜ਼ਰਾਇਲ ਦੇ ਪੱਖ ਵਿਚ ਹਮਦਰਦੀ ਰੱਖਦੇ ਹਨ। ਇਨ੍ਹਾਂ ਵਿਦਵਾਨਾਂ ਬਾਰੇ ਸਈਦ ਦੀ ਟਿੱਪਣੀ ਹੈ-

> ਯਹੂਦੀਆਂ ਦੀ ਕੌਮੀ ਲਹਿਰ ਨੂੰ ਯੂਰਪੀ ਮੁਲਕਾਂ ਦੀ ਸਰਪ੍ਰਸਤੀ ਹਾਸਲ ਸੀ। ਇਨ੍ਹਾਂ ਮੁਲਕਾਂ ਦੇ ਸਿਵਲ ਸਮਾਜਾਂ ਨੂੰ ਵੀ ਜਾਪਦਾ ਸੀ ਕਿ ਯਹੂਦੀਆਂ ਨੇ ਬਹੁਤ ਕਸ਼ਟ ਝੱਲੇ। ਲਿਹਾਜ਼ਾ, ਉਨ੍ਹਾਂ ਨੂੰ ਆਪਣੀ ਖ਼ੁੱਸੀ ਜ਼ਮੀਨ ਵਾਪਸ ਮਿਲਣੀ ਚਾਹੀਦੀ ਹੈ। ਉਹ ਇਸ ਭੁਲੇਖੇ ਵਿਚ ਫਸੇ ਹਨ ਕਿ ਵੱਖੋ-

ਵੱਖਰੇ ਸਭਿਆਚਾਰਾਂ ਵਿਚ ਤਾਲਮੇਲ ਪੈਦਾ ਕਰਕੇ ਯਹੂਦੀਆਂ ਦੇ ਸੁਪਨੇ ਦੀ ਤਾਮੀਰ ਨੂੰ ਮੁਮਕਿਨ ਬਣਾਇਆ ਜਾ ਸਕਦਾ ਹੈ। ਪੱਛਮੀ ਵਿਦਵਾਨ ਸੋਚਦੇ ਸਨ ਕਿ ਪੱਛੜੇ ਹੋਏ ਫਲਸਤੀਨੀਆਂ ਨੂੰ ਵਿਕਾਸ ਦੀ ਲੋੜ ਹੈ ਤੇ ਯਹੂਦੀਆਂ ਨੂੰ ਨਵੇਂ ਮੁਲਕ ਦੀ। ਇਜ਼ਰਾਇਲ ਦੇ ਨਿਰਮਾਣ ਨਾਲ ਅਰਬ ਲੋਕਾਂ ਨੂੰ ਵਿਕਾਸ ਦੇ ਨਵੇਂ ਮੌਕੇ ਮਿਲਣਗੇ। ਤਾਲੀਮ-ਯਾਫ਼ਤਾ ਯਹੂਦੀਆਂ ਦੇ ਇਥੇ ਵੱਸਣ ਨਾਲ ਇਸ ਖਿੱਤੇ ਦੇ ਲੋਕਾਂ ਅੰਦਰ ਵੀ ਗਿਆਨ ਦਾ ਪਸਾਰ ਹੋਵੇਗਾ।[3]

ਪੱਛਮੀ ਬੁੱਧੀਜੀਵੀਆਂ ਦੀ ਇਸ ਧਾਰਨਾ ਦੇ ਉਲਟ ਸਧਾਰਨ ਫਲਸਤੀਨੀ, ਇਜ਼ਰਾਇਲ ਨੂੰ ਕਿਸੇ ਵਰਦਾਨ ਵਾਂਗ ਨਹੀਂ ਦੇਖਦਾ। ਉਸ ਲਈ ਇਜ਼ਰਾਇਲ ਦੀ ਤਾਮੀਰ ਉਹਦੀ ਜ਼ਮੀਨ 'ਤੇ ਕਬਜ਼ਾ ਕਰਨ ਦਾ ਸਾਮਰਾਜੀ ਏਜੰਡਾ ਹੈ। ਇਜ਼ਰਾਇਲ ਬਣਨ ਤੋਂ ਬਾਅਦ ਜਿਨ੍ਹਾਂ ਫਲਸਤੀਨੀਆਂ ਨੂੰ ਆਪਣੇ ਘਰ ਅਤੇ ਮੁਲਕ ਨੂੰ ਛੱਡਣਾ ਪਿਆ, ਉਨ੍ਹਾਂ ਲਈ ਇਸ ਗੱਲ ਦੇ ਕੋਈ ਅਰਥ ਨਹੀਂ ਕਿ ਉਨ੍ਹਾਂ ਨੂੰ ਜਲਾਵਤਨ ਕਰਨ ਵਾਲੇ ਲੋਕ ਖ਼ੁਦ ਕਿਸੇ ਸਮੇਂ ਹਿਜਰਤ ਝੱਲ ਚੁੱਕੇ ਹਨ। ਸਈਦ ਦੇ ਇਸ ਲੇਖ ਦਾ ਸਾਰ ਤੱਤ ਹੈ ਕਿ ਯੂਰਪ ਅੰਦਰ ਯਹੂਦੀਆਂ ਨਾਲ ਜੋ ਵਾਪਰਿਆ, ਉਸ ਨਾਲ ਉਨ੍ਹਾਂ ਨੂੰ ਇਹ ਹੱਕ ਨਹੀਂ ਮਿਲ ਜਾਂਦਾ ਕਿ ਉਹ ਕਿਸੇ ਦੂਜੇ ਖਿੱਤੇ ਦੇ ਬਾਸ਼ਿੰਦਿਆਂ ਨੂੰ ਜਲਾਵਤਨ ਕਰਕੇ ਉਨ੍ਹਾਂ ਦੀ ਜ਼ਮੀਨ 'ਤੇ ਕਾਬਜ਼ ਹੋ ਜਾਣ। ਯੂਰਪ ਦੇ ਕੀਤੇ ਗੁਨਾਹਾਂ ਦੀ ਸਜ਼ਾ ਫਲਸਤੀਨੀ ਕਿਉਂ ਭੁਗਤਣ?

### ਇਜ਼ਰਾਇਲ ਦੀ ਬੰਸਾਵਲੀ

ਯਹੂਦੀ ਲਹਿਰ ਦੇ ਬਾਨੀ ਲਿਓਡਰ ਹਰਜ਼ਲ ਦੀਆਂ ਲਿਖਤਾਂ ਦੇ ਹਵਾਲੇ ਨਾਲ ਸਈਦ ਦੱਸਦਾ ਹੈ ਕਿ ਕਿਵੇਂ ਵੀਹਵੀਂ ਸਦੀ ਦੇ ਅੱਧ ਵਿਚ ਜਦੋਂ ਸਾਰੀ ਦੁਨੀਆ ਬਸਤੀਵਾਦੀ ਜੂਲ਼ੇ ਨੂੰ ਗਲੋਂ ਲਾਹ ਚੁੱਕੀ ਸੀ, ਠੀਕ ਉਸੇ ਸਮੇਂ ਸਾਮਰਾਜੀ ਲੀਹਾਂ 'ਤੇ ਇਜ਼ਰਾਇਲ ਦੀ ਉਸਾਰੀ ਮੁਮਕਿਨ ਹੋ ਸਕੀ। ਹਰਜ਼ਲ ਦੀ ਡਾਇਰੀ ਤੋਂ ਪਤਾ ਚੱਲਦਾ ਹੈ ਕਿ ਯੂਰਪ ਵਿਚ ਯਹੂਦੀਆਂ ਨਾਲ ਹੁੰਦੇ ਨਸਲੀ ਵਿਤਕਰੇ ਕਾਰਨ ਉਹਦੇ ਮਨ ਵਿਚ ਸਮੁੰਦਰ ਪਾਰ ਪੂਰਬ ਦੀ ਧਰਤੀ 'ਤੇ ਯਹੂਦੀਆਂ ਦਾ ਮੁਲਕ ਵਸਾਉਣ ਦਾ ਵਿਚਾਰ ਪਨਪਿਆ। ਇਸ ਵਿਚਾਰ ਨੂੰ ਅਮਲੀ ਜਾਮਾ ਪਹਿਨਾਉਣ ਲਈ ਉਹਨੇ ਫਲਸਤੀਨ ਦੀ ਧਰਤੀ ਨੂੰ ਚੁਣਿਆ। ਹਾਲਾਂਕਿ ਇਸ ਬਾਬਤ ਅਫਰੀਕਾ ਜਾਂ ਲਾਤੀਨੀ ਅਮਰੀਕਾ ਦੇ ਕੁਝ ਖਿੱਤਿਆਂ ਬਾਰੇ ਵੀ ਸੋਚਿਆ ਗਿਆ, ਪਰ ਯਹੂਦੀਆਂ ਦੀ ਜੱਦੀ ਜ਼ਮੀਨ ਹੋਣ ਕਾਰਨ ਉਹਨੂੰ ਫਲਸਤੀਨ ਬਿਹਤਰ ਵਿਕਲਪ ਜਾਪਿਆ।

ਪੱਛਮੀ ਵਿਦਵਾਨ ਇਜ਼ਰਾਇਲ ਨੂੰ ਜਿਸ ਤਰ੍ਹਾਂ ਦੇ ਜਮਹੂਰੀ ਦੇਸ਼ ਵਜੋਂ ਚਿਤਵਦੇ ਹਨ, ਹਰਜ਼ਲ ਖ਼ੁਦ ਅਜਿਹੇ ਧਰਮ-ਨਿਰਪੱਖ ਦੇਸ਼ ਦੇ ਹੱਕ ਵਿਚ ਨਹੀਂ ਸੀ। ਉਹ ਆਪਣੀ ਡਾਇਰੀ ਵਿਚ ਲਿਖਦਾ ਹੈ ਕਿ ਯਹੂਦੀਆਂ ਦਾ ਮੁਲਕ ਬਣਾਉਣ ਤੋਂ ਬਾਅਦ ਇਸ ਖਿੱਤੇ ਦੇ ਬਾਸ਼ਿੰਦਿਆਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਜਾਣ; ਬੜੀ ਸਾਵਧਾਨੀ ਅਤੇ ਚਲਾਕੀ ਨਾਲ ਫਲਸਤੀਨੀਆਂ ਨੂੰ ਕੰਗਾਲ ਕਰ ਦਿੱਤਾ ਜਾਵੇ; ਮੁਫ਼ਲਸੀ ਵਿਚ ਜੀਵਨ ਬਸਰ ਕਰਦੇ ਇਨ੍ਹਾਂ ਲੋਕਾਂ ਤੋਂ ਰੁਜ਼ਗਾਰ ਦੇ ਮੌਕੇ ਖੋਹ ਲਏ ਜਾਣ ਅਤੇ ਉਨ੍ਹਾਂ ਨੂੰ ਗੁਆਂਢੀ ਮੁਲਕਾਂ ਦੀਆਂ ਸਰਹੱਦਾਂ ਵੱਲ ਧੱਕ ਦਿੱਤਾ ਜਾਵੇ। ਹਰਜ਼ਲ ਦੇ ਇਹ ਵਿਚਾਰ ਉਨ੍ਹਾਂ ਯਾਤਰਾ ਸੰਸਮਰਨਾਂ ਤੋਂ ਪ੍ਰੇਰਿਤ ਹਨ, ਜਿਹੜੇ ਓਟੋਮਨ ਸਾਮਰਾਜ ਦੇ ਦੌਰ ਵਿਚ ਫਲਸਤੀਨ ਦਾ ਸਫ਼ਰ ਕਰਨ ਵਾਲੇ ਮੁਸਾਫ਼ਰਾਂ ਨੇ ਲਿਖੇ। ਇਨ੍ਹਾਂ ਸੰਸਮਰਨਾਂ ਵਿਚ ਅਰਬ ਦੇ ਬਾਸ਼ਿੰਦਿਆਂ ਲਈ ਅਨਪੜ੍ਹ, ਜਾਹਲ, ਤੇ ਵਹਿਸ਼ੀ ਜਿਹੇ ਵਿਸ਼ੇਸ਼ਣ ਵਰਤੇ ਗਏ ਹਨ। ਇਨ੍ਹਾਂ ਸਿਮਰਤੀਆਂ ਨੂੰ ਲਿਖਣ ਵਾਲੇ ਸੈਲਾਨੀਆਂ ਦਾ ਮੰਨਣਾ ਸੀ ਕਿ ਅਰਬ ਲੋਕ ਨਾ ਸਿਰਫ਼ ਯੂਰਪੀਆਂ ਤੋਂ ਬਲਕਿ ਆਪਣੇ ਹਮਵਤਨ ਯਹੂਦੀਆਂ ਤੋਂ ਵੀ ਪੱਛੜੇ ਹਨ। ਯੂਰਪੀ ਸੈਲਾਨੀਆਂ ਦੇ ਇਹ ਵਿਚਾਰ ਹੀ ਹਰਜ਼ਲ ਦੀਆਂ ਲਿਖਤਾਂ ਦਾ ਮਸੌਦਾ ਬਣੇ। ਉਹਨੂੰ ਜਾਪਿਆਂ ਜਿਵੇਂ ਫਲਸਤੀਨ ਬੰਜਰ ਜ਼ਮੀਨ ਹੈ, ਜਿਹਨੂੰ ਗੁਲਜ਼ਾਰ ਕਰਨਾ ਯਹੂਦੀਆਂ ਦੇ ਹਿੱਸੇ ਆਇਆ ਹੈ।[4]

ਇਸ ਤਰ੍ਹਾਂ ਇਜ਼ਰਾਇਲ ਬਾਰੇ ਦੋ ਨਜ਼ਰੀਏ ਸਾਹਮਣੇ ਆਉਂਦੇ ਹਨ। ਪਹਿਲਾ ਨਜ਼ਰੀਆ ਪੱਛਮੀ ਦੇਸ਼ਾਂ ਦਾ ਹੈ। ਇਸ ਮੁਤਾਬਿਕ ਇਜ਼ਰਾਇਲ ਯਹੂਦੀਆਂ ਦੀ ਘਰ ਵਾਪਸੀ ਦੇ ਸੁਪਨੇ ਦੀ ਤਾਮੀਰ ਹੈ ਅਤੇ ਇਸ ਨਾਲ ਯਹੂਦੀਆਂ ਨੂੰ ਉਨ੍ਹਾਂ ਦੀ ਖੁੱਸੀ ਪਛਾਣ ਤੇ ਕੌਮੀਅਤ ਦੁਬਾਰਾ ਮਿਲ ਸਕਦੀ ਹੈ। ਦੂਜਾ ਨਜ਼ਰੀਆ ਫਲਸਤੀਨੀਆਂ ਦਾ ਹੈ। ਉਨ੍ਹਾਂ ਲਈ ਇਜ਼ਰਾਇਲ ਦੀ ਉਸਾਰੀ ਕਿਸੇ ਸੰਤਾਪ ਤੋਂ ਘੱਟ ਨਹੀਂ। ਇਹੀ ਕਾਰਨ ਹੈ ਕਿ ਨਾ ਸਿਰਫ਼ ਫਲਸਤੀਨ ਬਲਕਿ ਸਮੁੱਚੇ ਅਰਬ ਜਗਤ ਅੰਦਰ ਇਜ਼ਰਾਇਲ ਦੀ ਮੁਖ਼ਾਲਫ਼ਤ ਹੋਈ। ਬੇਸ਼ੱਕ ਇਸ ਪਿੱਛੇ ਅਰਬ ਮੁਲਕਾਂ ਦੇ ਨਿੱਜੀ ਹਿੱਤਾਂ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਅਰਬੀ ਤਾਨਾਸ਼ਾਹਾਂ ਨੇ ਇਜ਼ਰਾਇਲ ਦੇ ਵਿਰੋਧ ਦੇ ਨਾਂ 'ਤੇ ਆਪਣੀਆਂ ਗ਼ੈਰ-ਮਨੁੱਖੀ ਤੇ ਗ਼ੈਰ-ਜਮਹੂਰੀ ਕਾਰਵਾਈਆਂ ਨੂੰ ਜਾਇਜ਼ ਠਹਿਰਾਉਣ ਲਈ ਵੀ ਇਜ਼ਰਾਇਲ-ਫਲਸਤੀਨ ਮਸਲੇ ਨੂੰ ਉਲਝਾਈ ਰੱਖਿਆ।


www.sanvad.org
ISSN : 2395-1273

ਸਈਦ ਇਜ਼ਰਾਇਲ ਦੀ ਤਾਮੀਰ ਨੂੰ 'ਸਿਆਸੀ ਰਣਨੀਤੀ' ਕਹਿੰਦਾ ਹੈ। ਇਸ ਰਣਨੀਤੀ ਨੂੰ ਯਹੂਦੀਆਂ ਦੇ ਧਾਰਮਿਕ ਅਕੀਦੇ ਤਕ ਸੀਮਤ ਕਰਕੇ ਨਹੀਂ ਸਮਝਿਆ ਜਾ ਸਕਦਾ। ਯਹੂਦੀ ਲਹਿਰ ਦੇ ਨੇਤਾ ਵੈਜਮਨ ਅਤੇ ਉਹਦੇ ਸਾਥੀਆਂ ਵੱਲੋਂ ਤਿਆਰ ਕੀਤੇ ਦਸਤਾਵੇਜ਼ਾਂ ਦੇ ਹਵਾਲੇ ਨਾਲ ਸਈਦ ਦੱਸਦਾ ਹੈ ਕਿ ਯਹੂਦੀਆਂ ਦੀ ਇੱਛਾ ਨਵੀਂ ਥਾਂ 'ਤੇ ਜਾ ਕੇ ਵੱਸਣ ਦੀ ਹੀ ਨਹੀਂ ਸੀ ਬਲਕਿ ਉਹ ਨਿਰੋਲ ਯਹੂਦੀ ਮੁਲਕ ਵਸਾਉਣਾ ਚਾਹੁੰਦੇ ਸਨ। ਉਨ੍ਹਾਂ ਦੀ ਇੱਛਾ ਸੀ ਕਿ ਅੱਵਲ ਤਾਂ ਇਹ ਮੁਲਕ ਯਹੂਦੀਆਂ ਲਈ ਹੋਵੇ, ਅਤੇ ਜੇ ਇਸ ਵਿਚ ਯਹੂਦੀਆਂ ਤੋਂ ਬਿਨ੍ਹਾਂ ਹੋਰ ਲੋਕ ਰਹਿਣ ਵੀ ਤਾਂ ਉਨ੍ਹਾਂ ਦੀ ਹੈਸੀਅਤ ਦੂਜੇ ਦਰਜੇ ਦੇ ਨਾਗਰਿਕਾਂ ਵਾਲੀ ਹੋਵੇ। ਇਥੇ ਵੈਜਮਨ ਤੇ ਉਹਦੇ ਸਾਥੀਆਂ ਦੇ ਲਿਖੇ ਦਸਤਾਵੇਜ਼ਾਂ ਨੂੰ ਨਿਰੋਲ ਯਹੂਦੀ ਮੁਲਕ ਦੀ ਤਿਆਰੀ ਦੇ ਮਸੌਦੇ ਵਜੋਂ ਵਿਚਾਰਿਆ ਜਾ ਸਕਦਾ ਹੈ। ਇਨ੍ਹਾਂ ਦਸਤਾਵੇਜ਼ਾਂ ਵਿਚ ਯਹੂਦੀਆਂ ਦੇ ਸਿਵਲ ਸੰਗਠਨਾਂ ਨੂੰ ਜੰਗੀ ਫ਼ੌਜੀਆਂ ਵਾਲੀਆਂ ਕਾਰਵਾਈਆਂ ਲਈ ਤਿਆਰ ਰਹਿਣ ਦੀ ਤਾਕੀਦ ਕੀਤੀ ਗਈ ਸੀ। ਇਨ੍ਹਾਂ ਸੰਗਠਨਾਂ ਦੇ ਮੈਂਬਰਾਂ ਨੂੰ ਫ਼ੌਜੀਆਂ ਵਾਂਗ ਸਿਖਲਾਈ ਦਿੱਤੀ ਜਾਂਦੀ ਸੀ ਅਤੇ ਉਨ੍ਹਾਂ ਲਈ ਖ਼ਾਸ ਕਿਸਮ ਦੀ ਵਰਦੀ ਲਾਜ਼ਮੀ ਕੀਤੀ ਗਈ ਸੀ। ਉਨ੍ਹਾਂ ਨੂੰ ਖੇਤੀ, ਵਪਾਰ, ਸਨਅਤ ਅਤੇ ਸਭਿਆਚਾਰਕ ਫਰੰਟ 'ਤੇ ਵੱਖੋ-ਵੱਖਰੀ ਜ਼ਿੰਮੇਵਾਰੀ ਸੌਂਪੀ ਗਈ, ਤਾਂ ਕਿ ਉਹ ਭਵਿੱਖ ਵਿਚ ਇਜ਼ਰਾਇਲ ਦੇ ਨਿਰਮਾਣ ਨੂੰ ਮੁਮਕਿਨ ਬਣਾਉਣ ਵਿਚ ਭੂਮਿਕਾ ਨਿਭਾਅ ਸਕਣ।

1901 ਵਿਚ ਬਣੀ 'ਜਿਊਜ਼ ਨੈਸ਼ਨਲ ਫੰਡ' ਅਜਿਹੀ ਹੀ ਸੰਸਥਾ ਹੈ ਜਿਸ ਦਾ ਮਕਸਦ ਫਲਸਤੀਨ ਵਿਚ ਜ਼ਮੀਨ ਹਾਸਲ ਕਰਨਾ ਅਤੇ ਟਰੱਸਟ ਬਣਾ ਕੇ ਇਸ ਜ਼ਮੀਨ ਨੂੰ ਯਹੂਦੀ ਮੁਲਕ ਲਈ ਰਾਖਵੀਂ ਰੱਖਣਾ ਸੀ। 1948 ਵਿਚ ਜਦੋਂ ਇਜ਼ਰਾਇਲ ਬਣਿਆ ਤਾਂ ਨਵੀਂ ਸਰਕਾਰ ਨੇ ਕਈ ਫਲਸਤੀਨੀ ਜਗੀਰਦਾਰਾਂ ਨੂੰ ਭਗੌੜੇ ਐਲਾਨ ਦਿੱਤਾ ਅਤੇ ਉਨ੍ਹਾਂ ਦੀ ਜ਼ਮੀਨ ਦੇ ਰੱਖ-ਰਖਾਅ ਦੀ ਜ਼ਿੰਮੇਵਾਰੀ 'ਜਿਊਜ਼ ਨੈਸ਼ਨਲ ਫੰਡ' ਨੂੰ ਸੌਂਪ ਦਿੱਤੀ।[5] ਇਸ ਸੰਸਥਾ ਨੇ ਫਲਸਤੀਨੀ ਪਿੰਡਾਂ ਨੂੰ ਬੁਲਡੋਜ਼ਰਾਂ ਨਾਲ ਤਬਾਹ ਕਰਕੇ ਕਬਜ਼ੇ ਹੇਠ ਕਰ ਲਿਆ। 1948 ਵਿਚ ਬਣੇ ਨਵੇਂ ਕਾਨੂੰਨ ਵਿਚ ਫਲਸਤੀਨੀਆਂ ਨੂੰ ਯਹੂਦੀ ਨਾਗਰਿਕਾਂ ਦੇ ਮੁਕਾਬਲੇ ਦੂਜੈਲੇ ਦਰਜੇ 'ਤੇ ਰੱਖਿਆ ਗਿਆ ਤੇ ਉਨ੍ਹਾਂ ਨੂੰ ਭਗੌੜੇ ਕਰਾਰ ਦੇ ਕੇ ਇਨ੍ਹਾਂ ਥਾਂਵਾਂ ਦੇ ਮਾਲਕੀ ਹੱਕ ਯਹੂਦੀ ਸੰਸਥਾਵਾਂ ਨੂੰ ਸੌਂਪ ਦਿੱਤੇ ਗਏ।

ਯਹੂਦੀਆਂ ਦੇ ਨੁਕਤਾ-ਨਿਗਾਹ ਨੂੰ ਪੜਤ ਵਿਚ ਲਿਆਉਂਦਾ ਸਈਦ ਦੱਸਦਾ ਹੈ ਕਿ ਇਜ਼ਰਾਇਲ ਦੇ ਬਿਆਨੀਏ ਵਿਚ ਫਲਸਤੀਨੀ ਉਜੱਡ ਤੇ ਵਹਿਸ਼ੀ ਲੋਕ ਹਨ, ਜਿਹੜੇ ਜ਼ਮੀਨ ਦੀ ਸਾਂਭ-ਸੰਭਾਲ ਤੇ ਸੁਚੱਜੀ ਕਾਸ਼ਤ ਦੇ ਵੀ ਯੋਗ ਨਹੀਂ। ਇਸ ਧਾਰਨਾ ਦੇ ਅਧਾਰ 'ਤੇ ਹੀ ਫਲਸਤੀਨੀਆਂ ਨੂੰ ਉਨ੍ਹਾਂ ਦੇ ਜ਼ਮੀਨੀ ਹੱਕ ਤੋਂ ਮਹਿਰੂਮ ਕੀਤਾ ਗਿਆ। ਯਹੂਦੀਆਂ ਦੇ ਇਸ ਬਿਰਤਾਂਤ ਵਿਚ ਜ਼ਮੀਨ ਨੂੰ ਆਰਥਿਕ ਪੈਦਾਵਾਰ ਦੇ ਸਰੋਤ ਵਜੋਂ ਤਾਂ ਵਿਚਾਰਿਆ ਗਿਆ ਪਰ ਜ਼ਮੀਨ ਨਾਲ ਇਹਦੇ ਬਾਸ਼ਿੰਦਿਆਂ ਦੀ ਜਜ਼ਬਾਤੀ ਸਾਂਝ ਨੂੰ ਪੂਰੀ ਤਰ੍ਹਾਂ ਨਾਲ ਅਣਗੌਲਿਆਂ ਕਰ ਦਿੱਤਾ ਗਿਆ। ਸਈਦ ਦੱਸਦਾ ਹੈ ਕਿ ਇਸ ਸੋਚ ਦਾ ਅਧਾਰ ਯੂਰਪ ਦਾ ਬਸਤੀਵਾਦੀ ਪ੍ਰਾਜੈਕਟ ਹੈ, ਜਿਸ ਵਿਚ ਦੂਰ-ਦੁਰਾਡੇ ਦੀਆਂ ਧਰਤੀਆਂ 'ਤੇ ਕਾਬਜ਼ ਹੋਣ ਨੂੰ ਸਭਿਅਕ ਮਿਸ਼ਨ ਵਜੋਂ ਪੇਸ਼ ਕੀਤਾ ਜਾਂਦਾ ਹੈ। ਸਈਦ ਤਾਂ ਆਪਣੇ ਪਸੰਦੀਦਾ ਨਾਵਲਕਾਰ ਜੌਸਫ਼ ਕੌਨਰੈਡ ਦੀਆਂ ਲਿਖਤਾਂ ਵਿਚੋਂ ਵੀ ਅਜਿਹੀ ਸੋਚ ਦੇ ਹਵਾਲੇ ਲੱਭ ਲੈਂਦਾ ਹੈ। ਕੌਨਰੈਡ ਦੇ ਨਾਵਲ 'ਹਰਟ ਆਫ ਡਾਰਕਨੈੱਸ' ਦੇ ਮੁੱਖ-ਪਾਤਰ ਮਾਰਲੋ ਦੇ ਇਸ ਸੰਵਾਦ ਨੂੰ ਇਸ ਪੱਖ ਤੋਂ ਵਾਚਿਆ ਜਾ ਸਕਦਾ ਹੈ-

> ਮੈਨੂੰ ਬਚਪਨ ਤੋਂ ਹੀ ਨਕਸ਼ੇ ਦੇਖਣ ਦਾ ਸ਼ੌਕ ਸੀ। ਮੈਂ ਘੰਟਿਆਂ ਬੱਧੀ ਨਕਸ਼ੇ 'ਤੇ ਦੱਖਣੀ ਅਮਰੀਕਾ, ਅਫਰੀਕਾ ਤੇ ਆਸਟ੍ਰੇਲੀਆ ਦੇ ਬੰਜਰ ਇਲਾਕਿਆਂ ਨੂੰ ਦੇਖਦਾ ਰਹਿੰਦਾ। ਮੇਰੇ ਮਨ ਵਿਚ ਇਨ੍ਹਾਂ ਬੇਅਬਾਦ ਥਾਂਵਾਂ ਨੂੰ ਖੋਜਣ ਦੀ ਇੱਛਾ ਜਾਗ ਪੈਂਦੀ। ਮੈਨੂੰ ਜਾਪਦਾ ਜਿਵੇਂ ਇਹ ਖਿੱਤੇ ਮੈਨੂੰ ਆਪਣੇ ਵੱਲ ਖਿੱਚ ਰਹੇ ਹੋਣ। ਮੈਂ ਨਕਸ਼ੇ ਉਤੇ ਕਿਸੇ ਅਜਿਹੀ ਹੀ ਕਾਲੇ ਰੰਗ ਦੀ ਜ਼ਮੀਨ 'ਤੇ ਉਂਗਲ ਧਰਦਾ ਅਤੇ ਕਹਿੰਦਾ ਵੱਡਾ ਹੋ ਕੇ ਮੈਂ ਇਸ ਥਾਂ ਨੂੰ ਲੱਭਾਂਗਾ।[6]

ਕੌਨਰੈਡ ਦੀ ਇਸ ਟਿੱਪਣੀ ਬਾਰੇ ਚਰਚਾ ਕਰਦਿਆ ਸਈਦ ਲਿਖਦਾ ਹੈ ਕਿ ਕਿਸੇ ਜ਼ਮੀਨ 'ਤੇ ਕਾਬਜ਼ ਹੋਣ ਬਾਰੇ ਸੋਚਣਾ ਅਤੇ ਅਮਲੀ ਤੌਰ 'ਤੇ ਇਸ ਸੋਚ ਨੂੰ ਹਕੀਕੀ ਜਾਮਾ ਪਹਿਨਾਉਣਾ ਦੋ ਵੱਖ-ਵੱਖਰੀਆਂ ਗੱਲਾਂ ਹਨ। ਵਿਹਾਰਕ ਤੌਰ 'ਤੇ ਕਿਸੇ ਦੀ ਜ਼ਮੀਨ ਉਤੇ ਕਬਜ਼ਾ ਕਰ ਲੈਣਾ ਨੈਤਿਕ ਤੌਰ 'ਤੇ ਗ਼ਲਤ ਹੈ। ਇਸ ਗ਼ਲਤੀ ਨੂੰ ਦਰੁਸਤ ਕਰਨ ਲਈ ਕਿਸੇ ਅਜਿਹੇ ਬੌਧਿਕ ਵਿਚਾਰ ਦੀ ਲੋੜ ਪੈਂਦੀ ਹੈ, ਜਿਸ ਨਾਲ ਕਬਜ਼ੇ ਵਾਲਾ ਅਮਲ ਦੂਜੈਲਾ ਲੱਗੇ। ਅਜਿਹੇ ਸਮਿਆਂ ਵਿਚ ਕਬਜ਼ਾ ਕਰਨ ਵਾਲੀ ਧਿਰ ਨੂੰ ਕਿਸੇ ਨੈਤਿਕ ਢਾਲ ਦੀ ਲੋੜ ਪੈਂਦੀ ਹੈ, ਜਿਸ ਪਿੱਛੇ ਉਹ ਆਪਣੇ ਦਮਨ ਤੇ ਅਨਿਆਂ ਨੂੰ ਛੁਪਾ ਸਕੇ। ਯਹੂਦੀਆਂ ਨੇ ਵੀ ਅਜਿਹਾ ਹੀ ਕੀਤਾ। ਉਨ੍ਹਾਂ ਨੇ ਵਿਗਿਆਨ ਤੇ ਫ਼ਲਸਫ਼ੇ ਨੂੰ ਆਪਣੀ ਢਾਲ ਬਣਾ ਲਿਆ, ਤਾਂ ਕਿ ਉਨ੍ਹਾਂ ਦੀਆਂ ਅਨੈਤਿਕ ਕਾਰਵਾਈਆਂ ਜੱਗ ਜਾਹਰ ਨਾ ਹੋਣ।

ਫਲਸਤੀਨ ਨੂੰ ਪੱਛੜਿਆ ਕਹਿ ਕੇ ਹੀ ਅਤੇ ਇਹਦੇ ਵਿਕਾਸ ਦੇ ਨਾਂ 'ਤੇ ਇਸ ਖਿੱਤੇ ਉਤੇ ਕਬਜ਼ਾ ਕਰਨ ਦੇ ਅਮਲ ਨੂੰ ਨੈਤਿਕ ਤੌਰ 'ਤੇ ਸਹੀ ਕਿਹਾ ਜਾ ਸਕਦਾ ਸੀ। ਇਜ਼ਰਾਇਲ ਨੇ ਇਹੀ ਨੀਤੀ ਅਪਨਾਈ।

ਇਜ਼ਰਾਇਲ ਦੇ ਕਬਜ਼ੇ ਤੋਂ ਬਾਅਦ ਫਲਸਤੀਨੀਆਂ ਦੀ ਜ਼ਮੀਨੀ ਹਕੀਕਤ ਯਹੂਦੀਆਂ ਦੇ ਬਿਆਨੀਏ ਨਾਲ ਮੇਲ ਨਹੀਂ ਖਾਂਦੀ। ਯਹੂਦੀਆਂ ਦੀ ਆਮਦ ਤੋਂ ਬਾਅਦ ਫਲਸਤੀਨਆਂ ਨਾਲ ਜੋ ਵਾਪਰਿਆ, ਉਹਨੂੰ ਸਈਦ ਨੇ ਆਪਣੇ ਲੇਖ 'ਜ਼ਿਊਨਿਸਟ ਪਾਪੂਲੇਸ਼ਨਃ ਫਲਸਤੀਨ ਡਿਪਾਪੂਲੇਸ਼ਨ' ਵਿਚ ਬਿਆਨ ਕੀਤਾ। ਸਈਦ ਦੱਸਦਾ ਹੈ ਕਿ ਪੱਛਮ ਵਿਚ ਇਜ਼ਰਾਇਲ ਨੂੰ ਜਿਸ ਕਿਸਮ ਦੇ ਜਮਹੂਰੀ ਮੁਲਕ ਵਜੋਂ ਪ੍ਰਚਾਰਿਆ ਗਿਆ, ਉਹ ਹਕੀਕਤ ਤੋਂ ਕੋਹਾਂ ਦੂਰ ਹੈ। ਇਜ਼ਰਾਇਲ ਨਿਰੋਲ ਯਹੂਦੀ ਮੁਲਕ ਹੈ ਅਤੇ ਇਥੇ ਗ਼ੈਰ-ਯਹੂਦੀਆਂ ਦੀ ਸਥਿਤੀ ਦੂਜੈਲੇ ਨਾਗਰਿਕਾਂ ਵਾਲੀ ਹੈ। ਇਸ ਲੇਖ ਵਿਚ ਸਈਦ ਨੇ ਯਹੂਦੀ ਲਹਿਰ ਦੇ ਮੋਢੀ ਹਰਜ਼ਲ ਤੋਂ ਲੈ ਕੇ ਇਸ ਵਿਚਾਰ ਨੂੰ ਹਕੀਕੀ ਜਾਮਾ ਪਹਿਨਾਉਣ ਵਾਲੇ ਵਿਜ਼ਮੈਨ ਦੀਆਂ ਲਿਖਤਾਂ ਦੇ ਹਵਾਲੇ ਨਾਲ ਦਰਸਾਇਆ ਹੈ ਕਿ ਇਨ੍ਹਾਂ ਲੋਕਾਂ ਲਈ ਫਲਸਤੀਨ ਦੀ ਹਸਤੀ ਬੰਜਰ ਜ਼ਮੀਨ ਤੋਂ ਵੱਧ ਨਹੀਂ। ਵਿਜ਼ਮੈਨ ਦੀ ਅਜਿਹੀ ਹੀ ਟਿੱਪਣੀ ਨੂੰ ਹਵਾਲੇ ਵਜੋਂ ਵਰਤਦਿਆਂ ਸਈਦ ਲਿਖਦਾ ਹੈ ਕਿ ਵਿਜ਼ਮੈਨ ਇਹ ਕਹਿਣਾ ਚਾਹੁੰਦਾ ਹੈ ਕਿ ਸਿਰਫ਼ ਯਹੂਦੀ ਹੀ ਆਪਣੀ ਮਿਹਨਤ ਨਾਲ ਫਲਸਤੀਨ ਦੀ ਬੰਜਰ ਧਰਤੀ ਨੂੰ ਵਾਹੀਯੋਗ ਬਣਾ ਸਕਦੇ ਹਨ -

> ਇੰਝ ਜਾਪਦਾ ਹੈ ਜਿਵੇਂ ਖ਼ੁਦਾ ਨੇ ਫਲਸਤੀਨ ਦੀ ਜ਼ਮੀਨ ਨੂੰ ਇਸ ਲਈ ਪਥਰੀਲੀ ਤੇ ਰੇਤਲੀ ਬਣਾਇਆ ਤਾਂ ਕਿ ਇਹਦੀ ਛੁਪੀ ਹੋਈ ਖ਼ੂਬਸੂਰਤੀ ਨੂੰ ਉਹ ਲੋਕ ਸਾਹਮਣੇ ਲਿਆ ਸਕਣ, ਜਿਹੜੇ ਇਹਨੂੰ ਪਿਆਰ ਕਰਦੇ ਹਨ ਅਤੇ ਇਹਦੇ ਜ਼ਖ਼ਮਾਂ ਨੂੰ ਭਰਨ ਲਈ ਆਪਣੀਆਂ ਜ਼ਿੰਦਗੀਆਂ ਤਕ ਦਾਅ 'ਤੇ ਲਾ ਸਕਦੇ ਹਨ।[7]

1973 ਦੀ ਜੰਗ ਸਮੇਂ ਇਜ਼ਰਾਇਲੀ ਸਰਕਾਰ ਦੇ ਜਾਰੀ ਕੀਤੇ ਕਿਤਾਬਚੇ ਵਿਚ ਇਜ਼ਰਾਇਲੀ ਸੈਨਿਕਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਕਿਸੇ ਵੀ ਫਲਸਤੀਨੀ 'ਤੇ ਭਰੋਸਾ ਨਾ ਕੀਤਾ ਜਾਵੇ। ਇਸ ਕਿਤਾਬਚੇ ਦੀ ਇਸ ਟਿੱਪਣੀ ਨੂੰ ਇਸ ਹਵਾਲੇ ਨਾਲ ਵਾਚਿਆ ਜਾ ਸਕਦਾ ਹੈ -

> ਜੰਗ ਦੌਰਾਨ ਜਦੋਂ ਸਾਡੀਆਂ ਫ਼ੌਜਾਂ ਦਾ ਵਾਹ ਆਮ ਲੋਕਾਂ ਨਾਲ ਪਵੇ ਤਾਂ ਯਹੂਦੀ ਧਾਰਮਿਕ ਕਾਨੂੰਨ (Halachic Standards) ਮੁਤਾਬਕ ਦੁਸ਼ਮਣ ਨੂੰ ਕਤਲ ਕੀਤਾ ਜਾ ਸਕਦਾ ਹੈ, ਜਦੋਂ ਤਕ ਕਿ ਇਸ ਗੱਲ ਦੀ ਪੁਸ਼ਟੀ ਨਾ ਹੋ ਜਾਵੇ ਕਿ ਉਹ ਤੁਹਾਨੂੰ ਕੋਈ ਨੁਕਸਾਨ ਨਹੀਂ ਪਹੁੰਚਾ ਸਕਦਾ। ਕਿਸੇ ਵੀ ਹਾਲਤ ਵਿਚ ਕਿਸੇ ਅਰਬ 'ਤੇ ਭਰੋਸਾ ਨਾ ਕਰੋ, ਭਾਵੇਂ ਉਹ ਆਪਣੇ ਸਭਿਅਕ ਹੋਣ ਦੀ ਕਿੰਨੀ ਵੀ ਦੁਹਾਈ ਕਿਉਂ ਨਾ ਦੇਵੇ।[8]

ਇਜ਼ਰਾਇਲ ਦਾ ਫਲਸਤੀਨੀਆਂ ਬਾਰੇ ਇਹ ਰਵੱਈਆ ਜੰਗ ਦੇ ਦਿਨਾਂ ਤਕ ਹੀ ਸੀਮਤ ਨਹੀਂ ਰਿਹਾ। ਫਲਸਤੀਨ ਬਾਰੇ ਯਹੂਦੀਆਂ ਦੀਆਂ ਤਕਰੀਬਨ ਸਾਰੀਆਂ ਲਿਖਤਾਂ ਵਿਚ ਇਸੇ ਕਿਸਮ ਦਾ ਬਿਆਨੀਆ ਹਾਵੀ ਹੈ। ਇਥੋਂ ਤਕ ਕਿ ਇਜ਼ਰਾਇਲ ਵਿਚ ਛਪਣ ਵਾਲਾ ਬੱਚਿਆਂ ਦਾ ਸਾਹਿਤ ਵੀ ਇਸ ਕੂੜ ਪ੍ਰਚਾਰ ਤੋਂ ਨਹੀਂ ਬਚ ਸਕਿਆ। ਬਹੁਤਾ ਬਾਲ ਸਾਹਿਤ ਅਜਿਹੇ ਸੂਰਬੀਰ ਯਹੂਦੀਆਂ ਦੇ ਕਾਰਨਾਮਿਆਂ ਨਾਲ ਭਰਿਆ ਹੈ, ਜਿਹੜੇ ਆਪਣੀ ਸੂਰਮਗਤੀ ਨਾਲ ਵਿਸਾਹਘਾਤੀ ਅਰਬਾਂ ਨੂੰ ਮੌਤ ਦੇ ਘਾਟ ਉਤਾਰਦੇ ਹਨ। ਇਨ੍ਹਾਂ ਲਿਖਤਾਂ ਵਿਚ ਫਲਸਤੀਨੀਆਂ ਨੂੰ ਖਲਨਾਇਕ ਵਜੋਂ ਪੇਸ਼ ਕਰਦਿਆਂ ਦੱਸਿਆ ਜਾਂਦਾ ਹੈ ਕਿ ਅਰਬ ਆਪਣੀ ਖ਼ੁਸ਼ੀ ਖ਼ਾਤਿਰ ਯਹੂਦੀਆਂ ਨੂੰ ਕਤਲ ਕਰਨ ਤੋਂ ਗੁਰੇਜ਼ ਨਹੀਂ ਕਰਦੇ। ਇਸ ਲਈ ਯਹੂਦੀ, ਅਰਬਾਂ ਨੂੰ ਹਰਾ ਕੇ ਹੀ ਉਨ੍ਹਾਂ ਤੋਂ ਆਪਣੇ ਸਾਥੀਆਂ ਦੀ ਮੌਤ ਦਾ ਬਦਲਾ ਲੈ ਸਕਦੇ ਹਨ।

ਅਸਲ ਵਿਚ ਇਹ ਬਿਰਤਾਂਤ ਇਜ਼ਰਾਇਲ ਦੀ ਸਿਆਸੀ ਰਣਨੀਤੀ ਦਾ ਹੀ ਹਿੱਸਾ ਹੈ। ਸਈਦ, ਇਜ਼ਰਾਇਲ ਦੀ ਸਿਆਸੀ ਨੀਤੀ ਨਾਲ ਜੁੜੇ ਕਈ ਉੱਚ ਅਧਿਕਾਰੀਆਂ ਦੀਆਂ ਨਿੱਜੀ ਡਾਇਰੀਆਂ ਅਤੇ ਖ਼ਤਾਂ ਦਾ ਜ਼ਿਕਰ ਕਰਦਿਆਂ ਦੱਸਦਾ ਹੈ ਕਿ ਕਿਵੇਂ ਇਨ੍ਹਾਂ ਆਲ੍ਹਾ ਅਫ਼ਸਰਾਂ ਦੇ ਵਿਚਾਰ ਅਰਬ ਵਿਰੋਧੀ ਮਾਨਸਿਕਤਾ ਨਾਲ ਭਰੇ ਹਨ। ਯਹੂਦੀਆਂ ਲਈ ਫਲਸਤੀਨੀ ਜ਼ਮੀਨ 'ਤੇ ਕਬਜ਼ਾ ਕਰਨ ਵਾਲੀ ਸੰਸਥਾ 'ਕੌਮੀ ਜ਼ਮੀਨ ਫੰਡ' (NCF) ਦੇ ਮੁਖੀ ਰਹੇ ਜੋਸਫ਼ ਵੇਟਜ਼ ਦੀ ਡਾਇਰੀ ਉਹਦੇ ਕੁਝ ਨਿੱਜੀ ਖ਼ਤਾਂ ਸਮੇਤ **ਮਾਈ ਡਾਇਰੀ ਐਂਡ ਲੈਟਰਜ਼ ਟੂ ਚਿਲਡਰਨ** ਨਾਂ ਹੇਠ ਪ੍ਰਕਾਸ਼ਿਤ ਹੋਈ। 1940 ਵਿਚ ਇਸ ਡਾਇਰੀ ਅੰਦਰ ਦਰਜ ਕੀਤਾ ਵੇਟਜ਼ ਦਾ ਇਹ ਇੰਦਰਾਜ਼ ਬੇਹੱਦ ਅਹਿਮ ਹੈ-

> ਇਹ ਗੱਲ ਬਿਲਕੁਲ ਸਪਸ਼ਟ ਹੋਣੀ ਚਾਹੀਦੀ ਹੈ ਕਿ ਇਕੋ ਮੁਲਕ ਵਿਚ ਦੋ ਕੌਮਾਂ ਨਹੀਂ ਰਹਿ ਸਕਦੀਆਂ। ਕਿਸੇ ਵੀ ਕਿਸਮ ਦਾ ਵਿਕਾਸ ਸਾਨੂੰ ਸਾਡੇ ਉਸ ਨਿਸ਼ਾਨੇ ਦੇ ਨੇੜੇ ਨਹੀਂ ਲਿਜਾ ਸਕਦਾ, ਜਿਸ ਨਾਲ ਅਸੀਂ ਇਸ ਮੁਲਕ ਦੇ ਅਜ਼ਾਦ ਨਾਗਰਿਕ ਬਣ ਸਕੀਏ। ਹਾਂ, ਜੇਕਰ ਅਰਬ ਇਸ ਥਾਂ


**www.sanvad.org**
ISSN : 2395-1273

> ਨੂੰ ਛੱਡ ਦਿੰਦੇ ਹਨ ਤਾਂ ਇਥੇ ਸਾਡੀ ਜ਼ਰੂਰਤ ਲਈ ਲੋੜੀਂਦੀ ਥਾਂ ਹੋਵੇਗੀ। ਪਰ ਜੇਕਰ ਉਹ ਇਥੇ ਹੀ ਰਹਿੰਦੇ ਹਨ ਤਾਂ ਇਸ ਮੁਲਕ ਦੀ ਹਾਲਤ ਮੰਦਭਾਗੀ ਹੋਵੇਗੀ। ਜੇਕਰ ਜੰਗ (ਦੂਜੀ ਵਿਸ਼ਵ ਜੰਗ) ਮੁੱਕ ਜਾਂਦੀ ਹੈ ਤੇ ਅੰਗਰੇਜ਼ ਜਿੱਤ ਜਾਂਦੇ ਹਨ ਤਾਂ ਸਾਨੂੰ ਉਨ੍ਹਾਂ ਅੱਗੇ ਆਪਣਾ ਦਾਅਵਾ ਪੇਸ਼ ਕਰਨਾ ਚਾਹੀਦਾ ਹੈ। (1940 ਵਿਚ ਫਲਸਤੀਨ ਬਰਤਾਨੀਆ ਦੀ ਬਸਤੀ ਸੀ)। ਇਸ ਸਮੱਸਿਆ ਦਾ ਇਕੋ ਹੱਲ ਹੈ ਅਤੇ ਉਹ ਹੈ ਅਰਬ ਮੁਕਤ ਇਜ਼ਰਾਇਲ। ਨਹੀਂ ਤਾਂ ਘੱਟੋ-ਘੱਟ ਪੱਛਮੀ ਇਜ਼ਰਾਇਲ ਵਿਚੋਂ ਅਰਬਾਂ ਦਾ ਦੇਸ਼ ਨਿਕਾਲਾ। ਇਸ ਤੋਂ ਘੱਟ ਉਤੇ ਕਿਸੇ ਸਮਝੌਤੇ ਦਾ ਕੋਈ ਮਤਲਬ ਨਹੀਂ।[9]

ਸਈਦ ਲਿਖਦਾ ਹੈ ਕਿ ਇਸ ਸਭ ਨੂੰ ਵੇਟਜ਼ ਦੇ ਨਿੱਜੀ ਵਿਚਾਰ ਕਹਿ ਕੇ ਰੱਦ ਨਹੀਂ ਕੀਤਾ ਜਾ ਸਕਦਾ। ਉਹ ਜੋ ਕੁਝ ਕਹਿ ਰਿਹਾ ਹੈ, ਉਸ ਲਈ ਉਹਨੂੰ ਯਹੂਦੀਆਂ ਦੀ ਸਮੂਹਿਕ ਪ੍ਰਵਾਨਗੀ ਹਾਸਲ ਹੈ। ਯਹੂਦੀਆਂ ਦੇ ਅਜਿਹੇ ਹਜ਼ਾਰਾਂ ਬਿਆਨ ਮੌਜੂਦ ਹਨ, ਜਿਨ੍ਹਾਂ ਦਾ ਮਕਸਦ ਫਲਸਤੀਨ 'ਤੇ ਕਾਬਜ਼ ਹੋਣਾ ਅਤੇ ਅਰਬਾਂ ਨੂੰ ਜਲਾਵਤਨ ਕਰਨਾ ਹੈ। ਹਾਲਾਂਕਿ ਅਰਬ-ਇਜ਼ਰਾਇਲ ਤਣਾਅ ਦੇ ਕਈ ਹੋਰ ਪਹਿਲੂ ਵੀ ਹਨ, ਪਰ ਫਲਸਤੀਨੀਆਂ ਤੋਂ ਮੁਕਤ ਇਜ਼ਰਾਇਲ ਦਾ ਤਸੱਵਰ ਇਜ਼ਰਾਇਲ ਤੇ ਫਲਸਤੀਨ ਦੇ ਝਗੜੇ ਦੀ ਬੁਨਿਆਦ ਹੈ।

### ਫਲਸਤੀਨੀ ਨਜ਼ਰੀਆ

ਸਈਦ ਦਾ ਮਕਸਦ ਯਹੂਦੀਆਂ ਦੀ ਆਮਦ ਤੋਂ ਬਾਅਦ ਫਲਸਤੀਨੀਆਂ ਦੀ ਜ਼ਿੰਦਗੀ 'ਤੇ ਪਏ ਪ੍ਰਭਾਵਾਂ ਨੂੰ ਵੀ ਕਲਮਬੱਧ ਕਰਨਾ ਹੈ। ਇਸ ਸਵਾਲ ਦੀਆਂ ਕਈ ਪਰਤਾਂ ਹਨ। ਮਸਲਨ, ਇਜ਼ਰਾਇਲ ਦੀ ਤਾਮੀਰ ਤੋਂ ਬਾਅਦ ਫਲਸਤੀਨੀਆਂ ਨਾਲ ਕੀ ਵਾਪਰਿਆ? ਯਹੂਦੀਆਂ ਦੀ ਆਮਦ ਨੇ ਉਨ੍ਹਾਂ ਦੇ ਜੀਵਨ ਦੇ ਕਿਹੜੇ ਕਿਹੜੇ ਪੱਖਾਂ ਨੂੰ ਬਦਲਿਆ? ਯਹੂਦੀਆਂ ਦੇ ਤਾਕਤਵਰ ਬਿਆਨੀਏ ਸਾਹਵੇਂ ਫਲਸਤੀਨੀਆਂ ਦੀ ਖ਼ਾਮੋਸ਼ੀ ਨੂੰ ਕਿਵੇਂ ਪੜ੍ਹਤ ਵਿਚ ਲਿਆਂਦਾ ਜਾਵੇ? ਜੇਕਰ ਫਲਸਤੀਨ ਯਹੂਦੀਆਂ ਦੀ ਧਰਤੀ ਹੈ ਤਾਂ ਉਹ ਲੋਕ ਕੌਣ ਹਨ ਜਿਹੜੇ ਸਦੀਆਂ ਤੋਂ ਇੱਥੇ ਰਹਿ ਰਹੇ ਸਨ? ਸਈਦ ਦਾ ਮਕਸਦ ਇਨ੍ਹਾਂ ਸਵਾਲਾਂ ਦੇ ਤਰਕ-ਸੰਗਤ ਜਵਾਬ ਤਲਾਸ਼ਣਾ ਹੈ।

ਸਾਲ 1948 ਵਿਚ ਇਜ਼ਰਾਇਲ ਬਣਿਆ ਅਤੇ ਇਸੇ ਸਾਲ ਹੀ ਫਲਸਤੀਨੀਆਂ ਦਾ ਉਜਾੜਾ ਸ਼ੁਰੂ ਹੋ ਗਿਆ। ਹਾਲਾਂਕਿ ਇਸ ਤੋਂ ਪਹਿਲਾਂ ਹੀ ਫਲਸਤੀਨੀਆਂ ਲਈ ਹਾਲਾਤ ਬਦਤਰ ਹੋ ਚੁੱਕੇ ਸਨ। ਇਜ਼ਰਾਇਲ ਦੇ ਅਜ਼ਾਦ ਮੁਲਕ ਬਣਨ ਤੋਂ ਤਕਰੀਬਨ ਇਕ ਮਹੀਨਾ ਪਹਿਲਾਂ ਅਪਰੈਲ ਦੇ ਮਹੀਨੇ ਵਿਚ 250 ਦੇ ਕਰੀਬ ਬੇਗੁਨਾਹ ਫਲਸਤੀਨੀਆਂ ਨੂੰ ਕਤਲ ਕਰ ਦਿੱਤਾ ਗਿਆ। ਇਹ ਕੋਈ ਪਹਿਲਾ ਕਤਲੇਆਮ ਨਹੀਂ ਸੀ। ਪਹਿਲੀ ਵਿਸ਼ਵ ਜੰਗ ਤੋਂ ਬਾਅਦ ਅਜਿਹੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਸਨ, ਜਿਨ੍ਹਾਂ ਕਾਰਨ ਫਲਸਤੀਨੀਆਂ ਨੂੰ ਆਪਣੀ ਧਰਤੀ ਛੱਡਣ ਲਈ ਮਜਬੂਰ ਹੋਣਾ ਪਿਆ। ਇਜ਼ਰਾਇਲ ਨੂੰ ਕੌਮਾਂਤਰੀ ਮਾਨਤਾ ਮਿਲਣ ਤੋਂ ਬਾਅਦ ਇਹ ਖੇਡ ਖੁੱਲ੍ਹ ਕੇ ਖੇਡੀ ਜਾਣ ਲੱਗੀ। ਫਲਸਤੀਨੀ ਪਿੰਡਾਂ ਨੂੰ ਇਜ਼ਰਾਇਲੀ ਫ਼ੌਜ ਟੈਂਕਾਂ ਨਾਲ ਤਬਾਹ ਕਰਨ ਲੱਗੀ। ਅਜਿਹੇ ਇਕ ਮੰਜਰ ਨੂੰ ਯਹੂਦੀ ਅਧਿਕਾਰੀ ਵੇਟਜ਼ ਇਨ੍ਹਾਂ ਸ਼ਬਦਾਂ ਵਿਚ ਬਿਆਨ ਕਰਦਾ ਹੈ-

> ਮੈਂ ਮੁਆਰ ਨਾਂ ਦੇ ਪਿੰਡ ਗਿਆ। ਤਿੰਨ ਟਰੈਕਟਰ ਕੱਚੇ ਘਰ੍ਹਾਂ ਦੀ ਤਬਾਹੀ ਨੂੰ ਅੰਜਾਮ ਦੇ ਰਹੇ ਸਨ। ਮੈਂ ਹੈਰਾਨ ਹੋਇਆ ਕਿ ਇਸ ਤਬਾਹੀ ਨੂੰ ਦੇਖ ਕੇ ਮੇਰੇ ਅੰਦਰ ਕੋਈ ਹਲਚਲ ਨਹੀਂ ਹੋਈ; ਨਾ ਹੀ ਕੋਈ ਅਫ਼ਸੋਸ ਅਤੇ ਨਾ ਹੀ ਕਿਸੇ ਕਿਸਮ ਦੀ ਨਫ਼ਰਤ। ਦੁਨੀਆ ਇੰਝ ਹੀ ਚੱਲਦੀ ਹੈ। ਸਾਨੂੰ ਇਸੇ ਸੰਸਾਰ ਅੰਦਰ ਖ਼ੁਸ਼ ਰਹਿਣ ਦੀ ਆਦਤ ਪਾ ਲੈਣੀ ਚਾਹੀਦੀ ਹੈ। ਮਸਲਾ ਸਿਰਫ਼ ਇਹ ਹੈ ਕਿ ਅਸੀਂ ਇਥੇ ਰਹਿਣਾ ਚਾਹੁੰਦੇ ਹਾਂ, ਜਦਕਿ ਇਨ੍ਹਾਂ ਕੱਚੇ ਘਰ੍ਹਾਂ ਵਿਚ ਰਹਿੰਦੇ ਅਰਬ ਨਹੀਂ ਚਾਹੁੰਦੇ ਕਿ ਅਸੀਂ ਇਥੇ ਟਿਕੀਏ। ਉਹ ਸਾਡਾ ਨਾਮੋ-ਨਿਸ਼ਾਨ ਤਕ ਮਿਟਾ ਦੇਣਾ ਚਾਹੁੰਦੇ ਹਨ।[10]

ਸਈਦ ਦੱਸਦਾ ਹੈ ਕਿ ਇਹ ਕਿਸੇ ਇਕ ਫਲਸਤੀਨੀ ਪਿੰਡ ਦੀ ਕਹਾਣੀ ਨਹੀਂ। ਵੇਟਜ਼, ਜੰਗ ਤੋਂ ਬਾਅਦ ਫਲਸਤੀਨ ਵਿਚ ਵਾਪਰੇ ਹਾਲਾਤ ਬਿਆਨ ਕਰ ਰਿਹਾ ਹੈ। ਇਨ੍ਹਾਂ ਕੱਚੇ ਘਰਾਂ 'ਤੇ ਕਹਿਰ ਢਾਹੁੰਦਿਆਂ ਵੇਟਜ਼ ਤੇ ਉਹਦੇ ਸਾਥੀ ਇਸ ਗੱਲ ਨੂੰ ਵਿਸਾਰ ਦਿੰਦੇ ਹਨ ਕਿ ਇਹ ਮਹਿਜ਼ ਕੱਚੇ ਕੋਠੇ ਨਹੀਂ ਬਲਕਿ ਕੁਝ ਜੀਆਂ ਦਾ ਰੈਣ-ਬਸੇਰਾ ਵੀ ਹਨ। ਉਹ ਲੋਕ ਜਿਹੜੇ ਇਥੇ ਵੱਸਦੇ ਸਨ, ਉਨ੍ਹਾਂ ਲਈ ਇਸ ਤਬਾਹੀ ਦੇ ਅਰਥ ਬੜੇ ਗਹਿਰੇ ਹਨ। ਹੁਣ ਉਹ ਆਪਣੀ ਜੱਦੀ-ਪੁਸ਼ਤੀ ਥਾਂ 'ਤੇ ਨਹੀਂ ਰਹਿ ਸਕਦੇ। ਵੇਟਜ਼ ਅਤੇ ਉਹਦੇ ਸਾਥੀ ਇਹ ਭੁੱਲ ਜਾਂਦੇ ਹਨ ਕਿ ਉਹ ਧਾੜਵੀਆਂ ਵਾਂਗ ਆਏ। ਉਨ੍ਹਾਂ ਅਰਬਾਂ ਕੋਲ ਆਪਣੀ ਜ਼ਮੀਨ ਬਚਾਉਣ ਲਈ ਲੜਨ ਤੋਂ ਬਿਨ੍ਹਾਂ ਕੋਈ ਚਾਰਾ ਨਹੀਂ ਛੱਡਿਆ। ਬਲਕਿ ਉਨ੍ਹਾਂ ਨੂੰ ਜਾਪਦਾ ਹੈ ਜਿਵੇਂ ਅਰਬਾਂ ਦੇ ਵਿਰੋਧ ਨੇ ਉਨ੍ਹਾਂ ਨੂੰ ਫਲਸਤੀਨੀ ਪਿੰਡਾਂ ਨੂੰ ਤਬਾਹ ਕਰਨ ਦਾ ਹੱਕ ਦੇ ਦਿੱਤਾ ਹੋਵੇ।

ਇਜ਼ਰਾਇਲ ਦੇ ਬਣਨ ਤੋਂ ਬਾਅਦ ਸੂਰਤ-ਏ-ਹਾਲ ਇਹ ਹੈ ਕਿ ਦੁਨੀਆ ਦੇ ਕਿਸੇ ਕੋਨੇ ਵਿਚ ਪੈਦਾ ਹੋਣ ਵਾਲੇ ਯਹੂਦੀ ਲਈ ਇਜ਼ਰਾਇਲ ਦੇ ਦਰਵਾਜ਼ੇ ਖੁੱਲ੍ਹੇ ਹਨ। ਉਹ ਜਦੋਂ ਚਾਹਵੇ ਇਥੇ ਆ ਕੇ ਵੱਸ ਸਕਦਾ ਹੈ। ਉਹਨੂੰ ਇਜ਼ਰਾਇਲ ਦਾ ਨਾਗਰਿਕ ਮੰਨਿਆ ਜਾਵੇਗਾ ਅਤੇ ਉਹ ਨਾਗਰਿਕ ਦੀ ਹੈਸੀਅਤ ਵਿਚ ਮਿਲਣ ਵਾਲੀਆਂ ਸਾਰੀਆਂ ਸਹੂਲਤਾਂ ਦਾ ਹੱਕਦਾਰ ਹੋਵੇਗਾ। ਦੂਜੇ ਪਾਸੇ ਇਸ ਥਾਂ ਦੇ ਜੱਦੀ ਲੋਕਾਂ ਕੋਲ ਕੋਈ ਹੱਕ ਨਹੀਂ। ਜਲਾਵਤਨ ਹੋਏ ਫਲਸਤੀਨੀ ਵਾਪਸ ਆਪਣੇ ਘਰ ਨਹੀਂ ਪਰਤ ਸਕਦੇ ਅਤੇ ਫਲਸਤੀਨ ਵਿਚ ਰਹਿ ਰਹੇ ਲੋਕ ਦੂਜੈਲੇ ਨਾਗਰਿਕਾਂ ਵਾਲੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਉਨ੍ਹਾਂ ਨੂੰ ਨਾਗਰਿਕ ਵਜੋਂ ਮਿਲਣ ਵਾਲੇ ਕਈ ਹੱਕਾਂ ਤੋਂ ਮਹਿਰੂਮ ਕਰ ਦਿੱਤਾ ਗਿਆ ਹੈ। ਇਥੋਂ ਤਕ ਕਿ ਬਹੁਤੇ ਫਲਸਤੀਨੀ ਪਿੰਡਾਂ ਵਿਚ ਬਿਜਲੀ, ਟੈਲੀਫੋਨ, ਹਸਪਤਾਲ, ਸਕੂਲ ਅਤੇ ਸੀਵਰੇਜ ਜਿਹੀਆਂ ਬੁਨਿਆਦੀ ਸਹੂਲਤਾਂ ਵੀ ਨਹੀਂ ਹਨ।

ਫਲਸਤੀਨ ਅੰਦਰ ਰਹਿ ਰਹੇ ਅਰਬ ਲੋਕ, ਯਹੂਦੀਆਂ ਦੀਆਂ ਸਨਅਤਾਂ ਖ਼ਾਸ ਕਰਕੇ ਇਮਾਰਤਾਂ ਦੀ ਉਸਾਰੀ ਲਈ ਦਿਹਾੜੀ ਕਰਦੇ ਹਨ। ਇਜ਼ਰਾਇਲ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣ ਵਿਚ ਇਨ੍ਹਾਂ ਫਲਸਤੀਨੀ ਮਜ਼ਦੂਰਾਂ ਦਾ ਖ਼ਾਸ ਯੋਗਦਾਨ ਹੈ। ਇਹਦੇ ਬਾਵਜੂਦ ਇਨ੍ਹਾਂ ਨੂੰ ਕਿਰਤੀ ਕਾਨੂੰਨ ਮੁਤਾਬਿਕ ਮਜ਼ਦੂਰਾਂ ਨੂੰ ਹਾਸਲ ਹੋਣ ਵਾਲੇ ਹੱਕ ਹਾਸਲ ਨਹੀਂ। ਇਸ ਮਾਮਲੇ ਵਿਚ 1960 ਤੋਂ ਪਹਿਲਾਂ ਦੀਆਂ ਸਥਿਤੀਆਂ ਬੇਹੱਦ ਬਦਤਰ ਸਨ। ਉਸ ਸਮੇਂ ਇਹ ਲੋਕ ਇਜ਼ਰਾਇਲੀ ਫ਼ੌਜ ਦੇ ਬੰਧੂਆ ਮਜ਼ਦੂਰ ਸਨ। ਇਸੇ ਦੌਰਾਨ ਇਜ਼ਰਾਇਲੀ ਫ਼ੌਜ ਨੇ ਸੁਰੱਖਿਆ ਕਾਰਨਾਂ ਦੇ ਨਾਂ 'ਤੇ ਫਲਸਤੀਨੀਆਂ ਦੀ ਜ਼ਮੀਨ ਨੂੰ ਕਬਜ਼ੇ ਹੇਠ ਕਰ ਲਿਆ।

ਇਜ਼ਰਾਇਲੀ ਸਰਕਾਰ ਨੇ ਅਰਬਾਂ ਲਈ ਵੱਖਰੇ ਕਾਨੂੰਨ ਬਣਾਏ। ਇਨ੍ਹਾਂ ਕਾਨੂੰਨਾਂ ਤਹਿਤ ਇਹ ਲੋਕ ਬਿਨ੍ਹਾਂ ਅਗਾਊਂ ਸੂਚਨਾ ਦੇ ਸਫ਼ਰ ਨਹੀਂ ਸਨ ਕਰ ਸਕਦੇ। ਇਨ੍ਹਾਂ ਨੂੰ ਯਹੂਦੀਆਂ ਦੀ ਜ਼ਮੀਨ ਖਰੀਦਣ ਦਾ ਹੱਕ ਨਹੀਂ। ਕਈ ਵਾਰ ਬਿਨ੍ਹਾਂ ਕਿਸੇ ਸੂਚਨਾ ਦੇ ਅਚਾਨਕ ਕਰਫ਼ਿਊ ਐਲਾਨ ਦਿੱਤਾ ਜਾਂਦਾ ਹੈ। ਇਸ ਤੋਂ ਪਹਿਲਾਂ ਕਿ ਦਿਹਾੜੀ ਕਰ ਰਹੇ ਮਜ਼ਦੂਰਾਂ ਤੇ ਕਿਸਾਨਾਂ ਨੂੰ ਇਹਦਾ ਇਲਮ ਹੋਵੇ, ਉਨ੍ਹਾਂ ਨੂੰ ਕਰਫ਼ਿਊ ਵਿਚ ਕੀਤੀ ਕੋਤਾਹੀ ਦੀ ਸਜ਼ਾ ਭੁਗਤਣੀ ਪੈਂਦੀ ਹੈ। ਅਕਤੂਬਰ 1956 ਵਿਚ ਵਾਪਰੀ ਘਟਨਾ ਦੌਰਾਨ ਇਕ ਸੁਰੱਖਿਆ ਕਰਮਚਾਰੀ ਨੇ 49 ਨਿਹੱਥੇ ਕਿਸਾਨਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਇਸ ਕਰਮਚਾਰੀ 'ਤੇ ਚੱਲੇ ਫ਼ੌਜੀ ਮੁਕੱਦਮੇ ਵਿਚ ਉਹਨੂੰ ਦੋਸ਼ੀ ਪਾਇਆ ਗਿਆ। ਹੈਰਾਨੀ ਦੀ ਗੱਲ ਹੈ ਕਿ ਇਸ ਬਰਬਰਤਾ ਭਰੇ ਕਤਲੇਆਮ ਦੇ ਬਾਵਜੂਦ ਉਹਨੂੰ ਇਕ ਸਿਲੈਸਟਰ (1 ਸੈਂਟ ਤੋਂ ਵੀ ਘੱਟ) ਦੀ ਮਾਮੂਲੀ ਰਕਮ ਦਾ ਜੁਰਮਾਨਾ ਲਾ ਕੇ ਛੱਡ ਦਿੱਤਾ ਗਿਆ।[11]

ਸਈਦ ਦੀ ਧਾਰਨਾ ਹੈ ਕਿ ਇਜ਼ਰਾਇਲ ਦੀ ਸਿਆਸੀ ਨੀਤੀ ਅਰਬ ਲੋਕਾਂ ਨੂੰ ਅਜਿਹੇ ਹਾਲਾਤ ਵਿਚ ਰੱਖਣਾ ਹੈ ਕਿ ਉਹ ਇਜ਼ਰਾਇਲ ਦੀ ਧੌਂਸ ਨੂੰ ਆਪਣੀ ਹੋਣੀ ਮੰਨ ਲੈਣ, ਤਾਂ ਕਿ ਵਿਰੋਧ ਦੀਆਂ ਸੰਭਾਵਨਾਵਾਂ ਨੂੰ ਕੁਚਲਿਆ ਜਾ ਸਕੇ। ਜਦੋਂ ਵੀ ਕੋਈ ਫਲਸਤੀਨੀ ਆਗੂ ਲੋਕਾਂ ਵਿਚ ਮਕਬੂਲ ਹੋਣ ਲੱਗਦਾ ਹੈ, ਉਹਨੂੰ ਜਲਾਵਤਨ ਕਰ ਦਿੱਤਾ ਜਾਂਦਾ ਹੈ ਅਤੇ ਜਾਂ ਫੇਰ ਬਿਨ੍ਹਾਂ ਕਿਸੇ ਮੁੱਕਦਮੇ ਦੇ ਜੇਲ ਵਿਚ ਸੁੱਟ ਦਿੱਤਾ ਜਾਂਦਾ ਹੈ। ਫਲਸਤੀਨੀਆਂ ਦੀ ਕਿਸੇ ਵੀ ਲਿਖਤ ਨੂੰ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਇਜ਼ਰਾਇਲੀ ਸੈਂਸਰ ਬੋਰਡ ਦੀ ਪ੍ਰਵਾਨਗੀ ਲੈਣੀ ਪੈਂਦੀ ਹੈ। ਹਰ ਫਲਸਤੀਨੀ ਨਾਗਰਿਕ ਇਜ਼ਰਾਇਲੀ ਫ਼ੌਜ ਦੇ ਅਧੀਨ ਹੈ। ਇਕੋ ਮੁਲਕ ਵਿਚ ਰਹਿੰਦਿਆਂ ਵੀ ਯਹੂਦੀ ਤੇ ਗ਼ੈਰ-ਯਹੂਦੀ ਲੋਕ ਵੱਖੋ-ਵੱਖਰੀਆਂ ਜ਼ਿੰਦਗੀਆਂ ਜਿਉਂ ਰਹੇ ਹਨ।

ਅਰਬਾਂ 'ਤੇ ਹਕੂਮਤ ਕਰਦੀ ਸਰਕਾਰ ਦਾ ਕੋਈ ਸਪਸ਼ਟ ਕਾਨੂੰਨ ਨਹੀਂ। ਇਹਦੇ ਮੈਂਬਰ ਖ਼ੁਫ਼ੀਆ ਅਧਿਕਾਰੀਆਂ ਵਾਂਗ ਕੰਮ ਕਰਦੇ ਹਨ। ਉਹ ਜ਼ਾਹਰ ਤੌਰ 'ਤੇ ਤਾਂ ਇਜ਼ਰਾਇਲ ਦੇ ਸਰਕਾਰੀ ਅਦਾਰਿਆਂ ਵਿਚ ਕੰਮ ਕਰਦੇ ਹਨ, ਪਰ ਗੁਪਤ ਰੂਪ ਵਿਚ ਅਰਬੀ ਲੋਕਾਂ ਨਾਲ ਨਜਿੱਠਣ ਦੇ ਢੰਗ-ਤਰੀਕੇ ਈਜਾਦ ਕਰਦੇ ਹਨ। ਫਲਸਤੀਨੀਆਂ ਦੀ ਜ਼ਿੰਦਗੀ ਨਾਲ ਜੁੜੇ ਹਰ ਕਿਸਮ ਦੇ ਫ਼ੈਸਲੇ ਲੈਣ ਦਾ ਇਨ੍ਹਾਂ ਨੂੰ ਪੂਰਾ ਪੂਰਾ ਅਖ਼ਤਿਆਰ ਹੈ। ਇਨ੍ਹਾਂ ਦੇ ਹੁਕਮਾਂ ਦੀ ਤਾਮੀਲ ਲਈ ਕੋਈ ਲਿਖਤੀ ਦਸਤਾਵੇਜ਼ ਜਾਰੀ ਨਹੀਂ ਕੀਤੇ ਜਾਂਦੇ। ਇਹ ਕੰਮ ਟੈਲੀਫੋਨ ਰਾਹੀਂ ਭੇਜੇ ਸੁਨੇਹਿਆਂ ਨਾਲ ਹੀ ਹੋ ਜਾਂਦਾ ਹੈ। ਕਿਸ ਨੂੰ ਨੌਕਰੀ 'ਤੇ ਰੱਖਣਾ ਹੈ, ਅਧਿਆਪਕਾਂ ਦੇ ਸੈਮੀਨਾਰਾਂ ਵਿਚ ਕਿਸ ਨੂੰ ਭੇਜਣਾ ਹੈ, ਟਰੈਕਟਰ ਲਈ ਕਿਸ ਨੂੰ ਕਰਜ਼ਾ ਮੁਹੱਈਆ ਕਰਵਾਉਣਾ ਹੈ, ਆਰਥਿਕ ਛੋਟਾਂ ਦਾ ਹੱਕਦਾਰ ਕੌਣ ਹੋਵੇਗਾ, ਪਿੰਡ ਦੀ ਪੰਚਾਇਤ ਦੇ ਮੈਂਬਰ ਕਿਹੜੇ ਲੋਕ ਬਣਨਗੇ ਜਿਹੇ ਨਿੱਕੇ-ਨਿੱਕੇ ਫ਼ੈਸਲੇ ਵੀ ਇਹ ਗੁਪਤ ਅਧਿਕਾਰੀ ਕਰਦੇ ਹਨ।

ਸਈਦ ਅਜਿਹੇ ਹੀ ਇਕ ਗੁਪਤ ਅਧਿਕਾਰੀ ਇਜ਼ਰਾਇਲ ਕੋਨਿੰਗ ਦੀ ਤਤਕਾਲੀ ਇਜ਼ਰਾਇਲੀ ਪ੍ਰਧਾਨ ਮੰਤਰੀ ਯੇਤਜ਼ਾਗ ਰੂਬੀਨ ਨੂੰ ਸੌਂਪੀ ਰਿਪੋਰਟ ਦਾ ਹਵਾਲਾ ਦਿੰਦਾ ਹੈ। ਇਸ ਰਿਪੋਰਟ ਵਿਚ ਨੋਟਿੰਗ, ਅਰਬੀ ਲੋਕਾਂ ਦੀ ਵਧਦੀ ਅਬਾਦੀ ਨੂੰ ਇਜ਼ਰਾਇਲ ਲਈ ਸਭ ਤੋਂ ਵੱਡਾ ਖ਼ਤਰਾ ਮੰਨਦਾ ਹੈ। ਰਿਪੋਰਟ ਦੱਸਦੀ ਹੈ ਕਿ ਜਿੱਥੇ ਯਹੂਦੀਆਂ


**www.sanvad.org**
ISSN : 2395-1273

ਵਿਚ ਅਬਾਦੀ ਵਧਣ ਦੀ ਦਰ ਡੇਢ ਫ਼ੀਸਦ ਹੈ ਉਥੇ ਅਰਬਾਂ ਵਿਚ ਇਹ ਦਰ 5.9 ਫ਼ੀਸਦ ਹੈ। ਰਿਪੋਰਟ ਵਿਚ ਇਸ ਗੱਲ ਦਾ ਵੀ ਜ਼ਿਕਰ ਹੈ ਕਿ ਫਲਸਤੀਨੀ ਅਵਾਮ ਨੂੰ ਕਾਬੂ ਹੇਠ ਅਤੇ ਹੇਠਲੇ ਦਰਜੇ 'ਤੇ ਰੱਖਿਆ ਜਾਣਾ ਜ਼ਰੂਰੀ ਹੈ। ਕੋਨਿੰਗ ਸਲਾਹ ਦਿੰਦਾ ਹੈ ਕਿ ਜਿਹੜੇ ਖਿੱਤਿਆਂ ਵਿਚ ਅਰਬਾਂ ਦੀ ਗਿਣਤੀ ਵੱਧ ਹੈ, ਉਹਨੇ ਨੇੜਲੇ ਇਲਾਕਿਆਂ ਵਿਚ ਯਹੂਦੀਆਂ ਨੂੰ ਵਸਾਇਆ ਜਾਵੇ। ਜੇਕਰ ਕੋਈ ਅਰਬ ਨੇਤਾ ਯਹੂਦੀਆਂ ਲਈ ਮੁਸ਼ਕਿਲ ਖੜੀ ਕਰਦਾ ਹੈ ਤਾਂ ਉਹਨੂੰ ਫ਼ੌਰੀ ਬਰਖ਼ਾਸਤ ਕਰ ਦੇਣਾ ਚਾਹੀਦਾ ਹੈ। ਉਹਦੀ ਥਾਂ ਇਜ਼ਰਾਇਲੀ ਸੱਤਾ ਨੂੰ ਰਾਸ ਆਉਣ ਵਾਲੇ ਫਲਸਤੀਨੀ ਆਗੂਆਂ ਨੂੰ ਅੱਗੇ ਲਿਆਂਦਾ ਜਾਵੇ। ਸਈਦ ਲਿਖਦਾ ਹੈ ਕਿ ਇਹ ਰਿਪੋਰਟ ਪੜ੍ਹਦਿਆਂ ਲੱਗਦਾ ਹੈ, ਜਿਵੇਂ ਤੁਸੀਂ ਦੂਜੀ ਵਿਸ਼ਵ ਜੰਗ ਸਮੇਂ ਨਾਜ਼ੀਆਂ ਦਾ ਲਿਖਿਆ ਯਹੂਦੀਆਂ ਦੀ ਮੁਖ਼ਾਲਫ਼ਤ ਵਾਲਾ ਕੋਈ ਦਸਤਾਵੇਜ਼ ਪੜ੍ਹ ਰਹੇ ਹੋਵੋਂ। ਵਕਤ ਦੀ ਸਿਤਮ-ਜ਼ਰੀਫ਼ੀ ਦੇਖੋ ਕਿ ਇਸ ਰਿਪੋਰਟ ਦਾ ਲੇਖਕ ਖ਼ੁਦ ਇਕ ਯਹੂਦੀ ਹੈ।

ਸਈਦ ਇਸ ਰਿਪੋਰਟ ਦੇ ਕਈ ਹੋਰ ਪੱਖਾਂ ਬਾਰੇ ਵੀ ਗੱਲ ਕਰਦਾ ਹੈ। ਉਹ ਦੱਸਦਾ ਹੈ ਕਿ ਇਸ ਰਿਪੋਰਟ ਵਿਚ ਫਲਸਤੀਨੀਆਂ ਨੂੰ ਸਿੱਖਿਆ ਦੇ ਖੇਤਰ ਵਿਚੋਂ ਬਾਹਰ ਰੱਖਣ ਦੀ ਵਿਉਂਤਬੰਦੀ ਵੀ ਉਸਾਰੀ ਗਈ ਹੈ। ਇਸ ਬਾਬਤ ਉਹ ਰਿਪੋਰਟ ਦੇ ਕਈ ਅਹਿਮ ਨੁਕਤੇ ਸਾਂਝੇ ਕਰਦਾ ਹੈ-

1. ਅਰਬ ਵਿਦਿਆਰਥੀਆਂ ਲਈ ਦਾਖ਼ਲੇ ਤੇ ਵਜ਼ੀਫ਼ੇ ਦੇ ਕਰੜੇ ਮਾਪਦੰਡ ਰੱਖੇ ਜਾਣ। ਇਸ ਨਾਲ ਪੱਛੜੇ ਮਾਹੌਲ ਵਿਚੋਂ ਆਏ ਫਲਸਤੀਨੀ ਵਿਦਿਆਰਥੀਆਂ ਲਈ ਸਿੱਖਿਆ ਦੇ ਮੌਕੇ ਘਟ ਜਾਣਗੇ।
2. ਫਲਸਤੀਨੀ ਵਿਦਿਆਰਥੀਆਂ ਨੂੰ ਤਕਨੀਕੀ ਕੋਰਸਾਂ ਵਿਚ ਦਾਖ਼ਲੇ ਲਈ ਉਤਸਾਹਿਤ ਕੀਤਾ ਜਾਵੇ। ਇਹਦੇ ਦੋ ਫ਼ਾਇਦੇ ਹੋ ਸਕਦੇ ਹਨ। ਪਹਿਲਾ ਤਕਨੀਕੀ ਵਿਸ਼ੇ ਮੁਸ਼ਕਿਲ ਹੋਣ ਕਾਰਨ ਫੇਲ ਹੋਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਧੇਗੀ। ਦੂਜਾ, ਵਿਗਿਆਨ ਦੀ ਪੜ੍ਹਾਈ ਕਰਨ ਵਾਲੇ ਵਿਦਿਆਰਥੀ ਸਮਾਜਕ ਤੇ ਸਿਆਸੀ ਸਰਗਰਮੀਆਂ ਵਿਚ ਹਿੱਸਾ ਨਹੀਂ ਲੈਣਗੇ।
3. ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਖ਼ਾਤਿਰ ਵਿਦੇਸ਼ ਜਾਣ ਲਈ ਪ੍ਰੇਰਿਤ ਕੀਤਾ ਜਾਵੇ। ਵਿਦੇਸ਼ ਗਏ ਫਲਸਤੀਨੀ ਵਿਦਿਆਰਥੀਆਂ ਦੇ ਦੇਸ਼ ਵਾਪਸੀ ਦੇ ਅਮਲ ਨੂੰ ਜਟਿਲ ਬਣਾ ਦਿੱਤਾ ਜਾਵੇ, ਤਾਂ ਕਿ ਉਹ ਵਾਪਸ ਨਾ ਪਰਤਣ।
4. ਕਾਲਜ ਜਾਂ ਯੂਨੀਵਰਸਿਟੀ ਵਿਦਿਆਰਥੀਆਂ ਦੇ ਕਿਸੇ ਵੀ ਕਿਸਮ ਦੇ ਅੰਦੋਲਨ ਨੂੰ ਸਖ਼ਤੀ ਨਾਲ ਕੁਚਲ ਦਿੱਤਾ ਜਾਵੇ।[12]

ਸਈਦ ਲਿਖਦਾ ਹੈ ਕਿ ਜੇਕਰ ਇਹ ਵਿਚਾਰ ਕਿਸੇ ਅਰਬ ਜਾਂ ਕਮਿਊਨਿਸਟ ਮੁਲਕ ਦੇ ਹੁੰਦੇ ਤਾਂ ਪੱਛਮੀ ਮੀਡੀਆ ਨੇ ਇਹਨੂੰ ਜ਼ੋਰ-ਸ਼ੋਰ ਨਾਲ ਭੰਡਣਾ ਸੀ। ਉਦਾਰਵਾਦੀ ਵਿਦਵਾਨਾਂ ਨੇ ਗ਼ੈਰ-ਜਮਹੂਰੀ ਕਹਿ ਕੇ ਇਸ ਖ਼ਿਲਾਫ਼ ਅੰਦੋਲਨ ਕਰਨਾ ਸੀ। ਪਰ ਕਿਉਂਕਿ ਇਹ ਸਭ ਇਜ਼ਰਾਇਲ ਵਿਚ ਵਾਪਰਿਆ, ਇਸ ਲਈ ਪੱਛਮੀ ਸੰਸਾਰ ਇਸ ਸਭ ਬਾਰੇ ਚੁੱਪ ਧਾਰੀ ਬੈਠਾ ਹੈ।

## ਕੁਝ ਕਿਹਾ ਤਾਂ !

1984 ਵਿਚ ਲੰਡਨ ਬੁੱਕ ਆਫ ਰੀਵਿਊ ਵਿਚ ਸਈਦ ਦਾ ਲੇਖ 'ਪਰਮਿਸ਼ਨ ਟੂ ਨਰੇਟ' ਛਪਿਆ। ਇਹ ਲੇਖ ਵੀ ਫਲਸਤੀਨ ਬਾਰੇ ਹੈ। ਇਸ ਵਿਚ ਫਲਸਤੀਨ ਅਤੇ ਮੱਧ ਪੂਰਬ ਦੀ ਸਥਿਤੀ ਨੂੰ ਲਿਬਨਾਨ ਜੰਗ ਨਾਲ ਸਬੰਧਿਤ ਕਿਤਾਬਾਂ ਦੇ ਹਵਾਲੇ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਲੇਖ ਇਤਿਹਾਸਕਾਰ ਹੇਡਨ ਵਾਇਟ ਦੇ ਚਿੰਤਨ ਤੋਂ ਮੁਤਾਸਰ ਹੈ। ਵਾਇਟ ਦਾ ਮੰਨਣਾ ਹੈ ਕਿ ਲੋਕ ਕਥਾਵਾਂ, ਨਾਵਲ ਅਤੇ ਇਤਿਹਾਸ ਵਗੈਰਾ ਸਭ ਬਿਰਤਾਂਤ ਦੇ ਹੀ ਵੱਖੋ-ਵੱਖਰੇ ਰੂਪ ਹਨ। ਬਿਰਤਾਂਤ ਦਾ ਮੰਤਵ ਕਾਨੂੰਨ, ਨੈਤਿਕਤਾ ਅਤੇ ਪ੍ਰਭੁਸੱਤਾ ਦੀ ਰਸਾਈ ਨੂੰ ਮੁਮਕਿਨ ਬਣਾਉਣਾ ਹੈ। ਇਸ ਲਈ ਬਿਰਤਾਂਤ ਦਾ ਮੁੱਦਾ ਅਚੇਤ/ਸੁਚੇਤ ਤੌਰ 'ਤੇ ਸਟੇਟ ਨਾਲ ਜੁੜਿਆ ਹੈ।[13]

ਵਾਇਟ ਦੀ ਇਸ ਧਾਰਨਾ ਨੂੰ ਅਧਾਰ ਬਣਾ ਕੇ ਸਈਦ ਇਸ ਨਤੀਜੇ 'ਤੇ ਪਹੁੰਚਦਾ ਹੈ ਕਿ ਸਟੇਟ ਦੇ ਮੁੱਦੇ ਨੂੰ ਉਭਾਰਨ ਕਾਰਨ ਇਜ਼ਰਾਇਲ ਦਾ ਬਿਆਨੀਆ ਇਤਿਹਾਸਕ ਬਿਰਤਾਂਤ ਦਾ ਦਰਜਾ ਹਾਸਲ ਕਰਨ ਵਿਚ ਸਫ਼ਲ ਰਿਹਾ ਜਦਕਿ ਸਟੇਟ ਦਾ ਰੂਪ ਨਾ ਲੈ ਸਕਣ ਕਰਕੇ ਫਲਸਤੀਨੀ ਬਿਆਨੀਆ ਇਤਿਹਾਸਕ ਬਿਰਤਾਂਤ ਨਹੀਂ ਬਣ ਸਕਿਆ। ਫਲਸਤੀਨੀ ਬਿਰਤਾਂਤ ਕਿਸਾਨੀ, ਜਲਾਵਤਨੀ ਤੇ ਨਾਬਰੀ ਦੇ ਬਿਆਨੀਏ ਤਕ ਸੀਮਤ ਰਿਹਾ ਅਤੇ ਇਸ ਨਾਬਰੀ ਨੂੰ ਵੀ ਇਜ਼ਰਾਇਲ ਨੇ ਦਬਾ ਦਿੱਤਾ। ਫਲਸਤੀਨੀ ਬਿਰਤਾਂਤ ਦੀ ਸਭ ਤੋਂ ਵੱਡੀ ਕਮਜ਼ੋਰੀ ਇਹਦਾ ਹਿੰਸਾ ਪ੍ਰਤਿ ਝੁਕਾਅ ਹੈ। ਫਲਸਤੀਨੀ ਖਾੜਕੂਆਂ ਦੀਆਂ ਲੜਾਕੂ ਕਾਰਵਾਈਆਂ ਨੇ ਫਲਸਤੀਨੀ ਬਿਆਨੀਏ ਨੂੰ ਮੁਕੰਮਲ ਬਿਰਤਾਂਤ ਨਹੀਂ ਬਣਨ ਦਿੱਤਾ। ਇਸ ਬਾਬਤ ਸਈਦ ਲਿਖਦਾ ਹੈ -

ਸਾਡੇ ਮਾਮਲੇ ਵਿਚ ਅੱਤਵਾਦ ਤਬਾਹਕੁੰਨ ਸਾਬਤ ਹੋਇਆ ਹੈ। ਇਹ ਅਜਿਹਾ ਮੱਕੜਜਾਲ ਹੈ, ਜਿਹਦੀ ਸਾਜਿਸ਼ ਮਾਸਕੋ ਵਿਚ ਰਚੀ ਗਈ। ਅੱਤਵਾਦ ਦੇ ਨਾਂ ਹੇਠ ਸੁਖਾਲਿਆਂ ਹੀ ਸਾਡੀ ਹਰ ਕਾਰਵਾਈ ਨੂੰ ਅਣਮਨੁੱਖੀ ਕਰਾਰ ਦੇ ਦਿੱਤਾ ਜਾਂਦਾ ਹੈ।[14]

ਸਈਦ ਕਹਿਣਾ ਚਾਹੁੰਦਾ ਹੈ ਕਿ ਸ਼ੋਸ਼ਿਤ ਸਮੂਹਾਂ, ਕੌਮਾਂ ਜਾਂ ਮੁਲਕਾਂ ਨੂੰ ਆਪਣੀ ਗੱਲ ਕਹਿਣ ਜਾਂ ਸਮਾਜਕ-ਸਿਆਸੀ ਤੌਰ 'ਤੇ ਖ਼ੁਦ ਨੂੰ ਜਾਇਜ਼ ਸਿੱਧ ਕਰਨ ਲਈ ਕਿਸੇ ਨਾ ਕਿਸੇ ਬਿਰਤਾਂਤ ਦੀ ਲੋੜ ਹੈ। ਇਸ ਸਿਆਸੀ ਬਿਆਨੀਏ ਦਾ ਸਭ ਤੋਂ ਤਾਕਤਵਰ ਰੂਪ ਸਟੇਟ ਹੈ। ਯਹੂਦੀਆਂ ਨੇ ਇਜ਼ਰਾਇਲ ਉਸਾਰ ਕੇ ਆਪਣੇ ਬਿਰਤਾਂਤ ਨੂੰ ਹਕੀਕੀ ਜਾਮਾ ਪਹਿਣਾਇਆ ਜਦਕਿ ਫਲਸਤੀਨੀ ਆਪਣੇ ਬਿਰਤਾਂਤ ਨੂੰ ਰਿਆਸਤ ਦਾ ਰੂਪ ਦੇਣ ਵਿਚ ਅਸਫ਼ਲ ਰਹੇ। ਸੱਤਾ ਦੇ ਬਾਹਰ ਜਾਂ ਵਿਰੋਧ ਵਿਚ ਹੋਣ ਕਾਰਨ ਫਲਸਤੀਨੀ ਬਿਰਤਾਂਤ ਕਿਸੇ ਸੰਗਠਨ ਵਿਚ ਤਬਦੀਲ ਨਾ ਹੋ ਸਕਿਆ, ਜਿਸ ਕਰਕੇ ਇਹਨੂੰ ਅੱਤਵਾਦ ਦਾ ਲਕਬ ਹਾਸਲ ਹੋਇਆ।

ਬੇਸ਼ੱਕ ਸਈਦ ਦੀਆਂ ਲਿਖਤਾਂ ਦਾ ਮੁੱਢਲਾ ਕਾਰਜ ਦੁਨੀਆ ਅੱਗੇ ਫਲਸਤੀਨ ਦੇ ਸੰਤਾਪ ਦੀਆਂ ਪਰਤਾਂ ਨੂੰ ਖੋਲ੍ਹਣਾ ਹੈ, ਪਰ ਉਹ ਫਲਸਤੀਨੀ ਰਾਸ਼ਟਰਵਾਦ ਦੇ ਨਾਂ 'ਤੇ ਹੁੰਦੀ ਹਿੰਸਾ ਤੇ ਕਤਲੋਗਾਰਦ ਨਾਲ ਹਰਗਿਜ਼ ਸਹਿਮਤ ਨਹੀਂ। ਉਹਦੀ ਧਾਰਨਾ ਹੈ ਕਿ ਇਸ ਨਾਲ ਦੁਨੀਆ ਸਾਹਵੇਂ ਫਲਸਤੀਨ ਦਾ ਮਸਲਾ ਰੁਲ ਜਾਂਦਾ ਹੈ ਜਦਕਿ ਅਜਿਹੀ ਹਿੰਸਾ ਇਜ਼ਰਾਇਲੀ ਬਿਰਤਾਂਤ ਨੂੰ ਵਧੇਰੇ ਰਾਸ ਆਉਂਦੀ ਹੈ। ਇਨ੍ਹਾਂ ਹਿੰਸਕ ਪ੍ਰਤਿਕਰਮਾਂ ਕਾਰਨ ਹੀ ਮੈਨੇਕਨ ਬੀਗਲ ਦੀ ਲਿਕਉਡ ਪਾਰਟੀ ਨੇ ਫਲਸਤੀਨੀਆਂ ਦੇ ਹਰ ਵਿਰੋਧ ਨੂੰ ਅੱਤਵਾਦ ਕਹਿਣ ਦੀ ਪਿਰਤ ਪਾ ਦਿੱਤੀ ਹੈ। ਦੂਜੇ ਪਾਸੇ ਫਲਸਤੀਨ ਖ਼ਿਲਾਫ਼ ਇਜ਼ਰਾਇਲ ਦੀਆਂ ਹਿੰਸਕ ਕਾਰਵਾਈਆਂ ਨੂੰ ਅੱਤਵਾਦ ਵਿਰੋਧੀ ਜੰਗ ਕਹਿ ਕੇ ਜਾਇਜ਼ ਠਹਿਰਾ ਦਿੱਤਾ ਜਾਂਦਾ ਹੈ।

ਇਸ ਪੱਖ ਤੋਂ 1987 ਵਿਚ ਫਲਸਤੀਨ ਅੰਦਰ ਉਭਰੀ ਇਨਤਿਫਾਦਾ ਲਹਿਰ ਵਿਚੋਂ ਸਈਦ ਆਸ ਦੀ ਕਿਰਨ ਦੇਖਦਾ ਹੈ। ਇਸ ਲਹਿਰ ਨੇ ਪੱਛਮੀ ਜਗਤ ਅੰਦਰ ਫਲਸਤੀਨ ਬਾਰੇ ਪ੍ਰਚੱਲਿਤ ਬਿਆਨੀਏ ਨੂੰ ਬਦਲਣ ਵਿਚ ਅਹਿਮ ਭੂਮਿਕਾ ਨਿਭਾਈ। ਇਸ ਲਹਿਰ ਦੀਆਂ ਸਰਗਰਮੀਆਂ ਕਰਕੇ ਹੀ ਟੈਲੀਵਿਜ਼ਨ 'ਤੇ ਇਜ਼ਰਾਇਲੀ ਸੈਨਿਕਾਂ ਹੱਥੋਂ ਕਤਲ ਹੋਏ ਫਲਸਤੀਨੀਆਂ ਦੀਆਂ ਲਾਸ਼ਾਂ ਵਾਲੀਆਂ ਤਸਵੀਰਾਂ ਨਸ਼ਰ ਹੋ ਸਕੀਆਂ। ਪਰ ਖਾੜੀ ਜੰਗ ਤੋਂ ਬਾਅਦ ਹੋਏ ਓਸਲੋ ਸਮਝੌਤੇ ਮਗਰੋਂ ਇਸ ਲਹਿਰ ਦੀਆਂ ਕਾਰਵਾਈਆਂ ਨੂੰ ਠੱਪ ਕਰਨਾ ਪਿਆ। ਇਸ ਸਮਝੌਤੇ ਨੂੰ ਸਿਰੇ ਚਾੜ੍ਹਣ ਕਰਕੇ ਹੀ ਸਈਦ ਦਾ ਫ਼ਲੌ ਤੋਂ ਵਿਸ਼ਵਾਸ ਉੱਠ ਗਿਆ ਅਤੇ ਉਹਨੇ ਪਾਰਟੀ ਦੀ ਮੁੱਢਲੀ ਮੈਂਬਰਸ਼ਿੱਪ ਤੋਂ ਅਸਤੀਫ਼ਾ ਦੇ ਦਿੱਤਾ।

### ਓਸਲੋ ਸਮਝੌਤਾ

13 ਸਤੰਬਰ 1993 ਨੂੰ ਅਮਰੀਕੀ ਸਦਰ ਬਿਲ ਕਲਿੰਟਨ ਦੀ ਰਹਿਨੁਮਾਈ ਹੇਠ ਇਜ਼ਰਾਇਲ ਅਤੇ ਫਲਸਤੀਨ ਵਿਚਾਲੇ ਸ਼ਾਂਤੀ ਸਮਝੌਤਾ ਹੋਇਆ। ਇਸ ਸਮਝੌਤੇ ਨੂੰ 'ਓਸਲੋ ਸੰਧੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸਈਦ ਨੂੰ ਵੀ ਇਸ ਮੌਕੇ 'ਤੇ ਸ਼ਾਮਲ ਹੋਣ ਦਾ ਸੱਦਾ ਮਿਲਿਆ, ਪਰ ਉਹ ਇਸ ਸਮਝੌਤੇ ਦੀਆਂ ਸ਼ਰਤਾਂ ਨਾਲ ਸਹਿਮਤ ਨਹੀਂ ਸੀ। ਲਿਹਾਜ਼ਾ ਉਹਨੇ ਇਹ ਸੱਦਾ ਠੁਕਰਾ ਦਿੱਤਾ। ਸਈਦ ਦਾ ਵਿਚਾਰ ਹੈ ਕਿ ਇਹ ਸਮਝੌਤਾ ਫਲਸਤੀਨੀ ਲੋਕਾਂ ਦੇ ਦੁੱਖਾਂ ਦੀ ਭਰਪਾਈ ਨਹੀਂ ਕਰ ਸਕਦਾ। ਇਹਦੇ ਮਸੌਦੇ ਵਿਚ ਹਿਜਰਤ ਝੱਲ ਰਹੇ ਫਲਸਤੀਨੀਆਂ ਦਾ ਕੋਈ ਜ਼ਿਕਰ ਨਹੀਂ। ਉਨ੍ਹਾਂ ਦੇ ਮੁੜ ਵਸੇਬੇ ਬਾਰੇ ਇਕ ਵੀ ਸਤਰ ਇਸ ਵਿਚ ਸ਼ਾਮਲ ਨਹੀਂ ਕੀਤੀ ਗਈ। ਇਥੋਂ ਤਕ ਕਿ ਫਲਸਤੀਨੀਆਂ ਦੀ ਜਲਾਵਤਨੀ ਦਾ ਸਵੱਬ ਬਣੀ ਇਜ਼ਰਾਇਲੀ ਸਰਕਾਰ ਨੇ ਆਪਣੀ ਗ਼ਲਤੀ ਲਈ ਮੁਆਫ਼ੀ ਤਕ ਮੰਗਣਾ ਵੀ ਮੁਨਾਸਿਬ ਨਹੀਂ ਸਮਝਿਆ।

ਸਈਦ ਨੇ ਇਸ ਸਮਝੌਤੇ ਦੇ ਹਵਾਲੇ ਨਾਲ 'ਦ ਮਿਡਲ ਈਸਟ ਪੀਸ ਪ੍ਰਾਸੈਸ: ਮਿਸਲੀਡੀਂਗ ਇਮੇਜਜ਼ ਐਂਡ ਬਰਯੂਟਲ ਰਿਐਲੇਟੀਜ਼' ਨਾਂ ਦਾ ਲੇਖ ਲਿਖਿਆ। ਇਹ ਲੇਖ ਅਕਤੂਬਰ 1995 ਵਿਚ 'ਦ ਨੇਸ਼ਨ' ਰਸਾਲੇ ਵਿਚ ਛਪਿਆ। ਇਸ ਲੇਖ ਵਿਚ ਸਈਦ ਓਸਲੋ ਸੰਧੀ ਨੂੰ 'ਕਮਜ਼ੋਰ ਧਿਰ ਦਾ ਅਮਨ ਸਮਝੌਤਾ' ਕਹਿੰਦਾ ਹੈ। ਉਹ ਲਿਖਦਾ ਹੈ ਕਿ ਫਲਸਤੀਨੀ ਆਗੂਆਂ ਨੇ ਆਪਣੀ ਚੌਧਰ ਖ਼ਾਤਿਰ ਫਲਸਤੀਨ ਦੇ ਸਿਆਸੀ ਭਵਿੱਖ ਨੂੰ ਦਾਅ 'ਤੇ ਲਾ ਦਿੱਤਾ ਹੈ। ਇਸ ਸਮਝੌਤੇ ਦੀਆਂ ਸ਼ਰਤਾਂ ਵਿਚ ਫਲਸਤੀਨ ਦੇ ਹੱਕ ਵਿਚ ਭੁਗਤਣ ਵਾਲੀ ਇਕੋ ਗੱਲ ਸੀ ਕਿ ਇਜ਼ਰਾਇਲ ਨੇ ਫਲਸਤੀਨ ਨੂੰ ਖ਼ੁਦਮੁਖ਼ਤਿਆਰ ਸਟੇਟ ਮੰਨ ਲਿਆ। ਪਰ ਸਤਾਹਠ ਦੀ ਜੰਗ ਵੇਲੇ ਇਜ਼ਰਾਇਲ ਨੇ ਜਿਹੜੇ ਫਲਸਤੀਨੀ ਇਲਾਕਿਆਂ ਨੂੰ ਕਬਜ਼ੇ ਹੇਠ ਕਰ ਲਿਆ ਸੀ, ਉਨ੍ਹਾਂ ਬਾਰੇ ਇਸ ਸਮਝੌਤੇ ਵਿਚ ਕੋਈ ਗੱਲ ਨਹੀਂ ਕੀਤੀ ਗਈ। ਸਈਦ ਦੱਸਦਾ ਹੈ ਕਿ PLO ਫਲਸਤੀਨ ਦੇ ਹੱਕਾਂ ਦੀ ਰਾਖੀ ਵਿਚ ਨਾਕਾਮ ਰਹੀ ਹੈ। ਯਾਸਰ ਅਰਾਫ਼ਾਤ ਨੇ ਇਜ਼ਰਾਇਲ ਦੇ ਕਬਜ਼ੇ ਹੇਠਲੇ ਇਲਾਕਿਆਂ ਬਾਰੇ ਕੋਈ ਦਾਅਵਾ ਪੇਸ਼ ਨਹੀਂ ਕੀਤਾ। ਇਹ ਸਭ ਲਿਖ ਕੇ ਸਈਦ ਨੇ

ਯਾਸਰ ਅਰਾਫ਼ਾਤ ਦੀ ਨਾਕਾਬਲੀਅਤ ਨੂੰ ਜੱਗ ਜ਼ਾਹਰ ਕਰ ਦਿੱਤਾ। ਬੇਸ਼ੱਕ ਉਹਨੂੰ ਇਹਦਾ ਖਾਮਿਆਜ਼ਾ ਵੀ ਭੁਗਤਣਾ ਪਿਆ। ਆਪਣੇ ਹੀ ਮੁਲਕ ਵਿਚ ਉਹਦਾ ਵਿਰੋਧ ਹੋਇਆ। PLO ਨੇ ਫਲਸਤੀਨ ਅੰਦਰ ਉਹਦੀਆਂ ਕਿਤਾਬਾਂ 'ਤੇ ਪਾਬੰਦੀ ਲਾ ਦਿੱਤੀ।

ਸਈਦ ਲਿਖਦਾ ਹੈ ਕਿ ਆਪਣੇ ਦਸਤਖ਼ਤਾਂ ਨਾਲ ਅਰਾਫ਼ਾਤ ਨੇ ਅਜਿਹੇ ਸਮਝੌਤੇ 'ਤੇ ਸਹੀ ਪਾ ਦਿੱਤੀ, ਜਿਸ ਵਿਚ ਫਲਸਤੀਨ ਨਾਲ ਹੋਈਆਂ ਵਧੀਕੀਆਂ ਨੂੰ ਮੂਲੋਂ ਹੀ ਵਿਸਾਰ ਦਿੱਤਾ ਗਿਆ ਹੈ। ਇਸ ਸਮਝੌਤੇ ਵਿਚ ਇਜ਼ਰਾਇਲ ਬਣਨ ਤੋਂ ਬਾਅਦ ਆਪਣੀ ਜੰਮਣ ਭੌਇੰ ਤੋਂ ਉੱਜੜੇ 35 ਲੱਖ ਫਲਸਤੀਨੀਆਂ ਦਾ ਜ਼ਿਕਰ ਤਕ ਨਹੀਂ ਕੀਤਾ ਗਿਆ। ਭਾਵੇਂ ਇਸ ਸਮਝੌਤੇ ਤੋਂ ਬਾਅਦ ਫਲਸਤੀਨ ਦੇ ਹਿੱਸੇ ਵੈਸਟ ਬੈਂਕ ਅਤੇ ਗਾਜ਼ਾ ਦੇ ਇਲਾਕੇ ਆ ਗਏ, ਪਰ ਹਕੀਕਤ ਵਿਚ ਵੈਸਟ ਬੈਂਕ ਦਾ 97 ਫ਼ੀਸਦੀ ਅਤੇ ਗਾਜ਼ਾ ਦਾ 40 ਫ਼ੀਸਦ ਹਿੱਸਾ ਇਜ਼ਰਾਇਲ ਦੇ ਕਬਜ਼ੇ ਹੇਠ ਹੀ ਰਿਹਾ। ਇਥੋਂ ਤਕ ਕਿ ਸਰਹੱਦਾਂ ਅਤੇ ਸੁਰੱਖਿਆ ਦੇ ਸਾਰੇ ਹੱਕ ਇਜ਼ਰਾਇਲ ਦੇ ਸਪੁਰਦ ਕਰ ਦਿੱਤੇ ਗਏ ਹਨ। ਸਈਦ ਕਹਿੰਦਾ ਹੈ ਕਿ ਬਿਨ੍ਹਾਂ ਇਜ਼ਰਾਇਲੀ ਅਧਿਕਾਰੀਆਂ ਦੀ ਪ੍ਰਵਾਨਗੀ ਦੇ ਖ਼ੁਦ ਅਰਾਫ਼ਾਤ ਵੀ ਇਨ੍ਹਾਂ ਇਲਾਕਿਆਂ ਅੰਦਰ ਦਾਖ਼ਲ ਨਹੀਂ ਹੋ ਸਕਦਾ।

ਸਈਦ ਦੀ ਇਹ ਧਾਰਨਾ ਸੱਚ ਸਾਬਤ ਹੋਈ ਕਿ ਫਲਸਤੀਨ ਲਈ ਇਸ ਸਮਝੌਤੇ ਦੇ ਸਿੱਟੇ ਮਾਰੂ ਸਾਬਤ ਹੋਏ ਹਨ। ਸਮਝੌਤੇ ਦੇ ਲਾਗੂ ਹੋਣ ਦੇ ਦੋ ਵਰ੍ਹਿਆਂ ਅੰਦਰ ਹੀ ਫਲਸਤੀਨ ਵਿਚ ਬੇਰੁਜ਼ਗਾਰੀ ਦੀ ਦਰ 35% ਤਕ ਵਧ ਗਈ। ਫਲਸਤੀਨੀ ਇਲਾਕਿਆਂ ਵਿਚ ਯਹੂਦੀਆਂ ਨੂੰ ਜ਼ਬਰੀ ਵਸਾਉਣ ਦੀ ਕਵਾਇਦ ਹੋਰ ਵੀ ਤੇਜ਼ ਹੋ ਗਈ। ਇਜ਼ਰਾਇਲ ਦੇ ਫ਼ੌਜੀ ਕਾਨੂੰਨ ਨੂੰ ਵੀ ਇਸ ਸਮਝੌਤੇ ਵਿਚ ਕੋਈ ਚੁਣੌਤੀ ਨਹੀਂ ਸੀ ਦਿੱਤੀ ਗਈ। ਇਹ ਉਹੀ ਕਾਨੂੰਨ ਹੈ ਜਿਹਨੂੰ ਅਧਾਰ ਬਣਾ ਕੇ ਕਈ ਫਲਸਤੀਨੀ ਪਿੰਡਾਂ ਨੂੰ ਤਬਾਹ ਕੀਤਾ ਗਿਆ ਅਤੇ ਇਨ੍ਹਾਂ 'ਤੇ ਹੋਏ ਇਜ਼ਰਾਇਲੀ ਕਬਜ਼ੇ ਨੂੰ ਜਾਇਜ਼ ਮੰਨ ਲਿਆ ਗਿਆ।

ਇਸ ਲੇਖ ਦਾ ਆਗਾਜ਼ ਕਰਦਿਆਂ ਸਈਦ, ਅਰਾਫ਼ਾਤ ਨਾਲ ਜੁੜੀ ਘਟਨਾ ਦਾ ਜ਼ਿਕਰ ਕਰਦਾ ਹੈ। ਫਲਸਤੀਨ ਦੇ ਸ਼ਹਿਰ ਹੈਬਰੋਨ ਦੇ ਵਿਚਕਾਰ 450 ਯਹੂਦੀਆਂ ਨੂੰ ਵਸਾਉਣ ਅਤੇ ਉਨ੍ਹਾਂ ਦੀ ਸੁਰੱਖਿਆ ਲਈ ਇਜ਼ਰਾਇਲੀ ਫ਼ੌਜ ਤਾਇਨਾਤ ਕਰਨ ਦੀ ਇਜ਼ਰਾਇਲੀ ਤਜਵੀਜ਼ ਦਾ ਸ਼ਹਿਰ ਵਾਸੀਆਂ ਨੇ ਵਿਰੋਧ ਕੀਤਾ ਤੇ ਉਨ੍ਹਾਂ ਦੇ ਕਹਿਣ 'ਤੇ ਅਰਾਫ਼ਾਤ ਨੇ ਵੀ ਇਸ ਤਜਵੀਜ਼ 'ਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਸਬੰਧੀ ਇਜ਼ਰਾਇਲੀ ਰਾਸ਼ਟਰਪਤੀ ਨਾਲ ਚੱਲੀ 11 ਘੰਟੇ ਲੰਬੀ ਮੀਟਿੰਗ ਤੋਂ ਬਾਅਦ ਅਰਾਫ਼ਾਤ ਨੇ ਇਹ ਕਹਿ ਕੇ ਇਸ ਤਜਵੀਜ਼ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ 'ਫਲਸਤੀਨੀ ਇਜ਼ਰਾਇਲ ਦੇ ਗ਼ੁਲਾਮ ਨਹੀਂ, ਜੋ ਉਨ੍ਹਾਂ ਦੀ ਹਰ ਸ਼ਰਤ ਮੰਨਣ'। ਮੀਟਿੰਗ ਦੇ ਕੁਝ ਪਲਾਂ ਬਾਅਦ ਅਮਰੀਕੀ ਸਰਕਾਰ ਦੇ ਮੱਧ ਏਸ਼ੀਆ ਬਾਰੇ ਨੁਮਾਇੰਦੇ ਡੇਨਿਸ ਰੋਜ਼ ਨੇ ਫੋਨ 'ਤੇ ਅਰਾਫ਼ਾਤ ਨੂੰ ਧਮਕੀ ਦਿੱਤੀ ਕਿ ਜੇ ਉਹ ਇਸ ਸਮਝੌਤੇ 'ਤੇ ਦਸਤਖ਼ਤ ਨਹੀਂ ਕਰੇਗਾ, ਤਾਂ ਅਮਰੀਕਾ, ਫਲਸਤੀਨ ਨੂੰ ਮਿਲਣ ਵਾਲੀ 100 ਕਰੋੜ ਡਾਲਰ ਦੀ ਮਾਲ਼ੀ ਇਮਦਾਦ ਬੰਦ ਕਰ ਦੇਵੇਗਾ। ਫੋਨ ਤੋਂ ਕੁਝ ਘੰਟਿਆਂ ਬਾਅਦ ਹੀ ਅਰਾਫ਼ਾਤ ਨੇ ਇਸ ਮਸੌਦੇ 'ਤੇ ਸਹੀ ਪਾ ਦਿੱਤੀ।

ਸਈਦ ਲਿਖਦਾ ਹੈ ਕਿ ਫਲਸਤੀਨ ਦੇ ਇਜ਼ਰਾਇਲ ਨਾਲ ਹੋਏ ਹਰ ਸਮਝੌਤੇ ਪਿੱਛੇ ਇਸ ਤਰ੍ਹਾਂ ਦੀਆਂ ਧਮਕੀਆਂ ਦੀ ਅਹਿਮ ਭੂਮਿਕਾ ਹੈ। ਓਸਲੋ ਸੰਧੀ 'ਤੇ ਦਸਤਖ਼ਤ ਕਰਨ ਸਮੇਂ ਵੀ ਅਰਾਫ਼ਾਤ ਸਾਹਵੇਂ ਆਪਣੇ ਆਰਥਿਕ ਵਸੀਲਿਆਂ ਨੂੰ ਚੱਲਦਾ ਰੱਖਣ ਦਾ ਸਵਾਲ ਅਹਿਮ ਸੀ। ਇਸੇ ਲਈ ਉਹਨੇ ਫਲਸਤੀਨੀਆਂ ਦੇ ਭਵਿੱਖ ਨੂੰ ਦਾਅ 'ਤੇ ਲਾ ਦਿੱਤਾ। ਓਸਲੋ ਸਮਝੌਤੇ ਨੂੰ ਅਮਰੀਕਾ ਵਿਚ ਜਮਹੂਰੀਅਤ ਦੀ ਜਿੱਤ ਬਣਾ ਕੇ ਪੇਸ਼ ਕੀਤਾ ਗਿਆ, ਜਦਕਿ ਫਲਸਤੀਨ ਵਿਚ ਵਾਪਰੀ ਹਕੀਕਤ ਕੁਝ ਹੋਰ ਹੈ। ਸਈਦ ਦੱਸਦਾ ਹੈ ਕਿ ਇਸ ਸਮਝੌਤੇ ਤਹਿਤ ਇਜ਼ਰਾਇਲ ਨੇ ਆਪਣੀਆਂ ਫ਼ੌਜਾਂ ਨੂੰ ਫਲਸਤੀਨੀ ਸ਼ਹਿਰਾਂ ਵਿਚੋਂ ਹਟਾ ਲੈਣ ਦੀ ਸ਼ਰਤ ਨੂੰ ਮੰਨ ਲਿਆ ਸੀ। ਉਨ੍ਹਾਂ ਕਿਹਾ ਸੀ ਕਿ ਉਹ ਆਪਣੇ ਫ਼ੌਜੀ ਦਸਤਿਆਂ ਨੂੰ ਸਿਰਫ਼ ਸਰਹੱਦਾਂ 'ਤੇ ਹੀ ਤਾਇਨਾਤ ਕਰੇਗਾ। ਪਰ ਇਸ ਨਵੀਂ ਤਾਇਨਾਤੀ ਦੀ ਆੜ ਵਿਚ ਇਜ਼ਰਾਇਲ ਨੇ 62 ਨਵੇਂ ਫ਼ੌਜੀ ਟਿਕਾਣੇ ਕਾਇਮ ਕਰ ਲਏ। ਇਸ ਬਾਰੇ ਜਦੋਂ ਪੱਤਰਕਾਰਾਂ ਨੇ ਇਜ਼ਰਾਇਲੀ ਪ੍ਰਧਾਨ ਮੰਤਰੀ ਨੂੰ ਸਵਾਲ ਪੁੱਛੇ ਤਾਂ ਉਹਦਾ ਜਵਾਬ ਸੀ ਕਿ ਅਸਲੀ ਸਮੱਸਿਆ ਫ਼ੌਜੀ ਟਿਕਾਣੇ ਕਾਇਮ ਕਰਨਾ ਨਹੀਂ, ਬਲਕਿ ਫ਼ੌਜ ਨੂੰ ਕਾਰਵਾਈ ਦੀ ਖੁੱਲ੍ਹ ਦੇਣਾ ਹੈ।[15]

ਇਸ ਤਰ੍ਹਾਂ ਓਸਲੋ ਸਮਝੌਤੇ ਦੀ ਆੜ ਹੇਠ ਇਜ਼ਰਾਇਲ ਨੇ ਫਲਸਤੀਨੀ ਸਰਹੱਦਾਂ ਦੀ ਨਿਗਰਾਨੀ ਨੂੰ ਆਪਣੇ ਅਧੀਨ ਕਰ ਲਿਆ। ਇਸ ਨਾਲ ਵੈਸਟ ਬੈਂਕ ਤੇ ਗਾਜ਼ਾ ਜਾਣ ਵਾਲੀਆਂ ਸਾਰੀਆਂ ਸੜਕਾਂ ਇਜ਼ਰਾਇਲ ਦੀ ਸਿੱਧੀ ਨਿਗਰਾਨੀ ਹੇਠ ਆ ਗਈਆਂ। ਬੇਸ਼ੱਕ ਚਾਰ ਸੌ ਦੇ ਕਰੀਬ ਫਲਸਤੀਨੀ ਪਿੰਡਾਂ ਦੀਆਂ ਪੰਚਾਇਤਾਂ ਫਲਸਤੀਨੀ ਹਕੂਮਤ ਦੇ ਅਧੀਨ ਹਨ, ਪਰ ਇਨ੍ਹਾਂ ਪਿੰਡਾਂ ਦੀ ਸੁਰੱਖਿਆ ਦਾ ਜ਼ਿੰਮਾ ਇਜ਼ਰਾਇਲੀ ਫ਼ੌਜ ਦੇ ਕਬਜ਼ੇ

ਹੇਠ ਹੈ। ਇਨ੍ਹਾਂ ਸ਼ਹਿਰਾਂ ਵਿਚ ਵੱਸਦੇ ਯਹੂਦੀਆਂ 'ਤੇ ਫਲਸਤੀਨੀ ਹਕੂਮਤ ਦੇ ਫ਼ੈਸਲੇ ਲਾਗੂ ਨਹੀਂ ਹੋ ਸਕਦੇ। ਫਲਸਤੀਨੀ ਸ਼ਹਿਰਾਂ ਦੇ ਵਿਚਕਾਰ ਯਹੂਦੀਆਂ ਨੂੰ ਇਸ ਤਰ੍ਹਾਂ ਨਾਲ ਵਸਾਇਆ ਗਿਆ ਹੈ ਤਾਂ ਕਿ ਫਲਸਤੀਨੀ ਅਵਾਮ ਇਕੱਠੀ ਨਾ ਰਹਿ ਸਕੇ। ਸਮਝੌਤੇ ਤਹਿਤ ਫਲਸਤੀਨੀ ਹਕੂਮਤ ਨੂੰ ਖ਼ੁਦਮੁਖ਼ਤਿਆਰੀ ਸੌਂਪਣ ਦੇ ਬਾਵਜੂਦ ਵੈਸਟ ਬੈਂਕ ਦੇ ਸਿਵਲ ਪ੍ਰਬੰਧਾਂ ਦਾ 5 ਫ਼ੀਸਦੀ ਜਦਕਿ ਸੁਰੱਖਿਆ, ਪਾਣੀ, ਜ਼ਮੀਨ, ਸੜਕਾਂ, ਹਵਾਬਾਜ਼ੀ ਅਤੇ ਸਰਹੱਦਾਂ ਦਾ ਸਾਰਾ ਜ਼ਿੰਮਾ ਇਜ਼ਰਾਇਲੀ ਸਰਕਾਰ ਕੋਲ ਹੈ।

ਸਈਦ ਇਸ ਸਮਝੌਤੇ ਨੂੰ ਫਲਸਤੀਨ ਲਈ ਆਰਥਿਕ ਤੇ ਸਿਆਸੀ ਖ਼ੁਦਕੁਸ਼ੀ ਕਹਿੰਦਾ ਹੈ। ਉਹਦਾ ਮੰਨਣਾ ਹੈ ਕਿ ਇਸ ਨਾਲ ਫਲਸਤੀਨੀਆਂ ਦੀ ਬਰਬਾਦੀ ਤੈਅ ਹੈ। ਇਹਦਾ ਮਕਸਦ ਫਲਸਤੀਨੀਆਂ ਨੂੰ ਇਹ ਅਹਿਸਾਸ ਕਰਵਾਉਣਾ ਹੈ ਕਿ ਉਨ੍ਹਾਂ ਦਾ ਆਰਥਿਕ ਅਤੇ ਸਿਆਸੀ ਭਵਿੱਖ ਇਜ਼ਰਾਇਲ ਦੇ ਰਹਿਮੋ-ਕਰਮ 'ਤੇ ਟਿਕਿਆ ਹੈ। ਫਲਸਤੀਨ ਦੀ ਵਿਧਾਨ ਸਭਾ ਦੇ 82 ਮੈਂਬਰ ਹਨ। ਇਨ੍ਹਾਂ ਚੋਣਾਂ ਵਿਚ ਖੜ੍ਹੇ ਹੋਣ ਵਾਲੇ ਉਮੀਦਵਾਰਾਂ ਨੂੰ ਵੀ ਇਜ਼ਰਾਇਲੀ ਪ੍ਰਵਾਨਗੀ ਦੀ ਲੋੜ ਪੈਂਦੀ ਹੈ। ਇਸ ਸਭਾ ਵਿਚ ਪਾਸ ਕੀਤੇ ਕਿਸੇ ਵੀ ਕਾਨੂੰਨ ਨੂੰ ਇਜ਼ਰਾਇਲੀ ਸਰਕਾਰ ਜਦੋਂ ਚਾਹੇ ਆਪਣੀ ਵੀਟੋ ਨਾਲ ਰੱਦ ਕਰ ਸਕਦੀ ਹੈ।

ਓਸਲੋ ਸਮਝੌਤੇ ਤਹਿਤ ਫਲਸਤੀਨੀਆਂ ਨੂੰ ਜਿਹੜੀ ਖ਼ੁਦਮੁਖ਼ਤਿਆਰ ਹਕੂਮਤ ਮਿਲੀ, ਉਹਨੂੰ ਸਈਦ 'ਭਰਮ ਦਾ ਰਾਜ' (kingdom of Illusion) ਕਹਿੰਦਾ ਹੈ।'[16] ਉਹਦਾ ਮਤ ਹੈ ਕਿ ਇਸ ਸਮਝੌਤੇ ਤੋਂ ਪਹਿਲਾਂ ਤੇ ਬਾਅਦ ਜੇਤੂ ਧਿਰ ਸਿਰਫ਼ ਇਜ਼ਰਾਇਲ ਹੈ। ਇਜ਼ਰਾਇਲੀ ਹਕੂਮਤ ਜਦੋਂ ਚਾਹੇ, ਫਲਸਤੀਨੀ ਸ਼ਹਿਰਾਂ ਦੀ ਮੁਕੰਮਲ ਆਵਾਜਾਈ ਬੰਦ ਕਰ ਸਕਦੀ ਹੈ। ਵੈਸਟ ਬੈਂਕ ਤੋਂ ਗਾਜ਼ਾ ਜਾਣ ਲਈ ਇਜ਼ਰਾਇਲ ਵਿਚੋਂ ਹੋ ਕੇ ਲੰਘਣਾ ਪੈਂਦਾ ਹੈ। ਇਨ੍ਹਾਂ ਦੋਵਾਂ ਖਿੱਤਿਆਂ ਵਿਚਲੀ ਵਪਾਰਕ ਆਵਾਜਾਈ ਇਜ਼ਰਾਇਲ ਦੇ ਕਬਜ਼ੇ ਹੇਠ ਹੈ। ਜੇਕਰ ਟਮਾਟਰਾਂ ਦਾ ਭਰਿਆ ਟਰੱਕ ਗਾਜ਼ਾ ਤੋਂ ਵੈਸਟ ਬੈਂਕ ਲਈ ਰਵਾਨਾ ਹੁੰਦਾ ਹੈ ਤਾਂ ਇਹਨੂੰ ਫਲਸਤੀਨ-ਇਜ਼ਰਾਇਲ ਸਰਹੱਦ 'ਤੇ ਰੋਕਿਆ ਜਾਵੇਗਾ। ਇਥੇ ਇਹ ਟਮਾਟਰ ਕਿਸੇ ਇਜ਼ਰਾਇਲੀ ਟਰੱਕ ਵਿਚ ਲੱਦੇ ਜਾਣਗੇ। ਵੈਸਟ ਬੈਂਕ ਦੀ ਹੱਦ 'ਤੇ ਪਹੁੰਚ ਕੇ ਇਕ ਵਾਰ ਫੇਰ ਇਸ ਮਾਲ ਨੂੰ ਫਲਸਤੀਨੀ ਟਰੱਕ ਵਿਚ ਲੱਦਿਆ ਜਾਵੇਗਾ। ਇਸ ਲਈ ਤਿੰਨ ਦਿਨਾਂ ਦਾ ਸਮਾਂ ਦਰਿਆਫ਼ਤ ਹਨ। ਇਨ੍ਹਾਂ ਤਿੰਨ ਦਿਨਾਂ ਵਿਚ ਇਹ ਟਮਾਟਰ ਗਲ਼-ਸੜ ਜਾਂਦੇ ਹਨ। ਵੈਸਟ ਬੈਂਕ ਜੇਕਰ ਇਹ ਟਮਾਟਰ ਸਪੇਨ ਤੋਂ ਮੰਗਵਾਏ ਤਾਂ ਇਹ ਘੱਟ ਲਾਗਤ ਤੇ ਘੱਟ ਸਮੇਂ ਵਿਚ ਪਹੁੰਚ ਜਾਣਗੇ।

ਓਸਲੋ ਸਮਝੌਤੇ ਤੋਂ ਬਾਅਦ ਗਾਜ਼ਾ ਦੀ ਸਥਿਤੀ ਹੋਰ ਵੀ ਬਦਤਰ ਹੋਈ ਹੈ। ਗਾਜ਼ਾ ਦੀਆਂ ਸਰਹੱਦਾਂ 'ਤੇ ਇਜ਼ਰਾਇਲੀ ਫ਼ੌਜੀ ਤਾਇਨਾਤ ਹਨ, ਜਿਨ੍ਹਾਂ ਦੀ ਇਜਾਜ਼ਤ ਤੋਂ ਬਿਨ੍ਹਾਂ ਨਾ ਤਾਂ ਕੋਈ ਗਾਜ਼ਾ ਵਿਚ ਦਾਖ਼ਲ ਹੋ ਸਕਦਾ ਹੈ ਅਤੇ ਨਾ ਹੀ ਬਾਹਰ ਜਾ ਸਕਦਾ ਹੈ। ਅੱਠ ਹਜ਼ਾਰ ਦੇ ਕਰੀਬ ਗਾਜ਼ਾ ਨਿਵਾਸੀ ਇਜ਼ਰਾਇਲੀ ਇਲਾਕਿਆਂ ਵਿਚ ਦਿਹਾੜੀ ਕਰਦੇ ਹਨ। ਇਨ੍ਹਾਂ ਦੇ ਪਾਸ ਬਣਾਏ ਜਾਂਦੇ ਹਨ। ਪਾਸ ਤੋਂ ਬਿਨ੍ਹਾਂ ਇਹ ਲੋਕ ਸਰਹੱਦ ਪਾਰ ਨਹੀਂ ਕਰ ਸਕਦੇ। ਇਜ਼ਰਾਇਲ, ਗਾਜ਼ਾ ਵਿਚ ਕਿਸੇ ਕਿਸਮ ਦੇ ਕੱਚੇ ਸਮਾਨ ਦੀ ਦਰਾਮਦ ਦੀ ਇਜਾਜ਼ਤ ਨਹੀਂ ਦਿੰਦਾ। ਗਾਜ਼ਾ ਅੰਦਰ ਹੋਣ ਵਾਲੇ ਨਿਰਮਾਣ ਕਾਰਜਾਂ ਲਈ 40 ਲੱਖ ਡਾਲਰ ਦੀ ਰਕਮ ਮਨਜ਼ੂਰ ਹੋਈ, ਪਰ ਸੀਮੈਂਟ ਨਾ ਹੋਣ ਕਾਰਨ ਇਹ ਰਕਮ ਕਈ ਸਾਲਾਂ ਤੋਂ ਗਾਜ਼ਾ ਦੇ ਬੈਂਕਾਂ ਵਿਚ ਹੀ ਪਈ ਹੈ। ਇਜ਼ਰਾਇਲ ਸਿਰਫ਼ ਖਾਣ-ਪੀਣ ਦੀਆਂ ਵਸਤਾਂ ਨੂੰ ਹੀ ਗਾਜ਼ਾ ਵਿਚ ਦਾਖ਼ਲ ਹੋਣ ਦਿੰਦਾ ਹੈ।

ਸਿਤਮਜ਼ਰੀਫ਼ੀ ਇਹ ਹੈ ਕਿ ਫਲਸਤੀਨ ਦੇ ਚੇਅਰਮੈਨ ਯਾਸਰ ਅਰਾਫ਼ਾਤ ਨੂੰ ਵੀ ਗਾਜ਼ਾ ਜਾਣ ਲਈ ਪਰਮਿਟ ਦੀ ਲੋੜ ਪੈਂਦੀ ਹੈ। ਜੇਕਰ ਕਿਸੇ ਫਲਸਤੀਨੀ ਨੇ ਵੈਸਟ ਬੈਂਕ ਦੇ ਉੱਤਰੀ ਖਿੱਤੇ ਤੋਂ ਦੱਖਣ ਵੱਲ ਜਾਣਾ ਹੋਵੇ ਤਾਂ ਉਹਨੂੰ 58 ਇਜ਼ਰਾਇਲੀ ਪੋਸਟਾਂ 'ਤੇ ਆਪਣੀ ਸ਼ਨਾਖ਼ਤ ਦਾ ਸਬੂਤ ਦੇਣਾ ਪੈਂਦਾ ਹੈ। ਸਈਦ ਕਹਿੰਦਾ ਹੈ ਕਿ ਫਲਸਤੀਨੀ ਆਪਣੇ ਹੀ ਮੁਲਕ ਵਿਚ ਨਜ਼ਰਬੰਦੀ ਵਾਲੇ ਹਾਲਾਤ ਅੰਦਰ ਰਹਿ ਰਹੇ ਹਨ। ਹਜ਼ਾਰਾਂ ਦੀ ਗਿਣਤੀ ਵਿਚ ਫਲਸਤੀਨੀ ਮਾਰੇ ਜਾ ਚੁੱਕੇ ਹਨ। ਕਿਸੇ ਨੂੰ ਵੀ ਅੱਤਵਾਦੀ ਕਹਿ ਕੇ ਸਹਿਜੇ ਹੀ ਕਤਲ ਕੀਤਾ ਜਾ ਸਕਦਾ ਹੈ। ਅੱਤਵਾਦ ਦੇ ਨਾਂ ਹੇਠ ਇਸ ਮੁੱਦੇ ਦੇ ਬਾਕੀ ਪਹਿਲੂਆਂ ਨੂੰ ਦਰਕਿਨਾਰ ਕਰ ਦੇਣਾ ਵੀ ਇਕ ਕਿਸਮ ਦੀ ਹਿੰਸਾ ਹੈ, ਜਿਹਨੂੰ ਸਾਰਾ ਪੱਛਮ ਮੂਕ ਦਰਸ਼ਕ ਬਣ ਕੇ ਦੇਖ ਰਿਹਾ ਹੈ।[17]

ਸਈਦ ਨੂੰ ਇਸ ਸਮਝੌਤੇ ਬਾਰੇ ਇਹ ਵੀ ਗਿਲ਼ਾ ਹੈ ਕਿ ਇਸ ਵਿਚ ਫਲਸਤੀਨੀ ਜ਼ਮੀਨ 'ਤੇ ਕੀਤੇ ਇਜ਼ਰਾਇਲੀ ਕਬਜ਼ਿਆਂ ਬਾਰੇ ਵੀ ਕੋਈ ਗੱਲ ਨਹੀਂ ਕੀਤੀ ਗਈ। ਫਲਸਤੀਨ ਦੇ ਤਕਰੀਬਨ 75% ਹਿੱਸਿਆਂ 'ਤੇ ਅਜਿਹੇ ਕਬਜ਼ੇ ਹਨ। ਇਨ੍ਹਾਂ ਕਬਜ਼ਿਆਂ ਕਾਰਨ ਅਕਸਰ ਕਰਫ਼ਿਊ, ਕਤਲੋਗਾਰਦ, ਨਜ਼ਰਬੰਦੀ ਅਤੇ ਮਕਾਨ ਢਾਹੁਣ ਜਿਹੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਓਸਲੋ ਸੰਧੀ ਲਾਗੂ ਹੋਣ ਦੇ ਡੇਢ ਸਾਲਾਂ ਦੌਰਾਨ ਹੀ

ਅਜਿਹੇ 96 ਕਬਜ਼ੇ ਹੋਏ। ਇਹ ਉਹ ਕਬਜ਼ੇ ਹਨ, ਜਿਨ੍ਹਾਂ ਦੇ ਦਸਤਾਵੇਜ਼ੀ ਸਬੂਤ ਹਨ। ਇਨ੍ਹਾਂ ਤੋਂ ਇਲਾਵਾ ਬਿਨ੍ਹਾਂ ਕਿਸੇ ਰਿਕਾਰਡ ਦੇ ਹੋਏ ਕਬਜ਼ਿਆਂ ਦੀ ਗਿਣਤੀ ਕਿਤੇ ਵੱਧ ਹੈ। ਇਜ਼ਰਾਇਲੀ ਸਰਕਾਰ ਦੇ ਰੱਖਿਆ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਦੀ ਨਿਗਰਾਨੀ ਹੇਠ ਇਕ ਕਮੇਟੀ ਬਣਾਈ। ਇਸ ਕਮੇਟੀ ਨੇ ਇਜ਼ਰਾਇਲੀ ਕਬਜ਼ੇ ਹੇਠਲੀ ਜ਼ਮੀਨ ਬਾਰੇ ਰਿਪੋਰਟ ਤਿਆਰ ਕੀਤੀ। ਇਸ ਰਿਪੋਰਟ ਨੂੰ ਇਜ਼ਰਾਇਲ ਦੇ ਘਰੇਲੂ ਮਾਮਲਿਆਂ ਬਾਰੇ ਮੰਤਰਾਲੇ ਅਤੇ ਪ੍ਰਧਾਨ ਮੰਤਰੀ ਦੀ ਪ੍ਰਵਾਨਗੀ ਹਾਸਲ ਹੋਈ ਅਤੇ ਇਹ ਰਿਪੋਰਟ ਕਾਨੂੰਨ ਬਣ ਗਈ। ਇਸ ਕਾਨੂੰਨ ਅਨੁਸਾਰ ਇਨ੍ਹਾਂ ਕਬਜ਼ੇ ਵਾਲੀਆਂ ਜ਼ਮੀਨਾਂ 'ਤੇ ਯਹੂਦੀ ਬਸਤੀਆਂ ਉਸਾਰਨ ਅਤੇ ਇਜ਼ਰਾਇਲੀ ਸਨਅਤਕਾਰਾਂ ਨੂੰ ਮੁਫ਼ਤ ਜ਼ਮੀਨ ਦੇ ਕੇ ਸਨਅਤਾਂ ਲਗਾਉਣ ਦੀ ਪ੍ਰਵਾਨਗੀ ਦਿੱਤੀ ਗਈ।

ਸਈਦ ਦਾ ਇਸ ਸਮਝੌਤੇ 'ਤੇ ਸਭ ਤੋਂ ਵੱਡਾ ਇਤਰਾਜ਼ ਹੈ ਕਿ ਇਸ ਵਿਚ ਉਜਾੜਾ ਝੱਲ ਰਹੇ ਫਲਸਤੀਨੀਆਂ ਨੂੰ ਬਿਲਕੁਲ ਵਿਸਾਰ ਦਿੱਤਾ ਗਿਆ ਹੈ। ਤਕਰੀਬਨ 35 ਲੱਖ ਫਲਸਤੀਨੀਆਂ ਨੂੰ ਆਪਣਾ ਮੁਲਕ ਛੱਡਣਾ ਪਿਆ। ਇਹ ਲੋਕ ਹਮੇਸ਼ਾ ਆਪਣੀ ਘਰ ਵਾਪਸੀ ਦਾ ਸੁਪਨਾ ਦੇਖਦੇ ਰਹੇ ਹਨ। ਇਸ ਸਮਝੌਤੇ ਨੇ ਇਨ੍ਹਾਂ ਦੇ ਘਰ ਮੁੜਨ ਦੀ ਹਰ ਆਸ 'ਤੇ ਪਾਣੀ ਫੇਰ ਦਿੱਤਾ। ਇਨ੍ਹਾਂ ਲੋਕਾਂ ਵੱਲੋਂ ਝੱਲੇ ਦੁੱਖ ਤੇ ਸੰਤਾਪ ਦਾ ਇਸ ਸਮਝੌਤੇ ਵਿਚ ਜ਼ਿਕਰ ਤਕ ਨਹੀਂ ਮਿਲਦਾ। ਇਨ੍ਹਾਂ ਵਿਚੋਂ ਬਹੁਤੇ ਲੋਕ ਲਿਬਨਾਨ, ਜਾਰਡਨ ਤੇ ਸੀਰੀਆ ਜਿਹੇ ਅਰਬ ਮੁਲਕਾਂ ਵਿਚ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਲੀਬੀਆ ਨੇ 35,000 ਦੇ ਕਰੀਬ ਫਲਸਤੀਨੀਆਂ ਨੂੰ ਆਪਣੇ ਮੁਲਕ ਵਿਚੋਂ ਕੱਢ ਦਿੱਤਾ ਹੈ। ਇਜ਼ਰਾਇਲ ਨੇ ਇਨ੍ਹਾਂ ਨੂੰ ਵਾਪਸ ਗਾਜ਼ਾ ਪਰਤਣ ਦੀ ਵੀ ਇਜਾਜ਼ਤ ਨਹੀਂ ਦਿੱਤੀ। ਇਹ ਲੋਕ ਟੱਪਰੀਵਾਸਾਂ ਵਾਲਾ ਜੀਵਨ ਜਿਊਂ ਰਹੇ ਹਨ।[18]

ਸਈਦ ਕਹਿੰਦਾ ਹੈ ਕਿ ਵੀਹਵੀਂ ਸਦੀ ਦੀ ਕਿਸੇ ਵੀ ਸਿਆਸੀ ਲਹਿਰ ਨੇ ਆਪਣੀ ਖ਼ੁਦਮੁਖ਼ਤਾਰੀ ਦਾਅ 'ਤੇ ਲਾਉਣ ਵਾਲਾ ਅਜਿਹਾ ਸਮਝੌਤਾ ਨਹੀਂ ਕੀਤਾ, ਜਿਹੜਾ ਅਰਾਫ਼ਾਤ ਨੇ ਫਲਸਤੀਨੀਆਂ ਸਿਰ ਮੜ੍ਹ ਦਿੱਤਾ ਹੈ। ਉਹਨੇ ਇਕੋ ਝਟਕੇ ਨਾਲ ਫਲਸਤੀਨੀਆਂ ਨੂੰ ਪੱਕੇ ਤੌਰ 'ਤੇ ਇਜ਼ਰਾਇਲ ਦੇ ਗ਼ੁਲਾਮ ਬਣਾ ਦਿੱਤਾ। ਇਸ ਸਭ ਦਾ ਨਤੀਜਾ ਇਹ ਨਿਕਲਿਆ ਕਿ ਫਲਸਤੀਨੀਆਂ ਨੇ ਇਜ਼ਰਾਇਲ ਖ਼ਿਲਾਫ਼ ਨਾਬਰੀ ਦੀ ਇਬਾਰਤ ਲਿਖਣੀ ਸ਼ੁਰੂ ਕਰ ਦਿੱਤੀ। ਯਾਸਰ ਅਰਾਫ਼ਾਤ ਦੀ ਸਿਆਸੀ ਪਾਰਟੀ 'ਫਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ' (PLO) ਦਾ ਗਠਨ ਇਸ ਨਾਬਰੀ ਨੂੰ ਸਾਂਝਾ ਪਲੇਟਫਾਰਮ ਮੁਹੱਈਆ ਕਰਵਾਉਣਾ ਸੀ, ਜਿਸ ਵਿਚ ਇਹ ਬੁਰੀ ਤਰ੍ਹਾਂ ਨਾਕਾਮ ਰਹੀ। ਸ਼ੁਰੂਆਤੀ ਦੌਰ ਵਿਚ ਸਈਦ ਨੂੰ ਇਸ ਪਾਰਟੀ ਵਿਚੋਂ ਉਮੀਦ ਦੀ ਕਿਰਨ ਨਜ਼ਰ ਆਈ। ਉਹਨੇ ਲਿਖਿਆ ਵੀ ਕਿ ਤਮਾਮ ਕਮਜ਼ੋਰੀਆਂ ਦੇ ਬਾਵਜੂਦ PLO ਨੇ ਜਲਾਵਤਨ ਪਰਵਾਸੀਆਂ ਦੀ ਘਰ ਵਾਪਸੀ ਦੀ ਉਮੀਦ ਨੂੰ ਜ਼ਿੰਦਾ ਰੱਖਿਆ ਹੈ। ਇਹ ਵੱਖਰੀ ਗੱਲ ਹੈ ਕਿ ਸਈਦ ਦੀ ਇਹ ਆਸ ਬਹੁਤੀ ਦੇਰ ਕਾਇਮ ਨਾ ਰਹਿ ਸਕੀ। ਅਰਾਫ਼ਾਤ ਦੇ ਵਿਹਾਰ ਤੇ ਸਿਆਸਤ ਨੇ ਜਲਦੀ ਹੀ ਉਹਦੀ ਖ਼ੁਸ਼ਫ਼ਹਿਮੀ ਦੂਰ ਕਰ ਦਿੱਤੀ।

ਇਸ ਸਮੁੱਚੇ ਘਟਨਾਕ੍ਰਮ ਕਰਕੇ ਹੀ 'ਹਮਾਸ' ਜਿਹੀ ਖਾੜਕੂ ਲਹਿਰ ਦਾ ਗਠਨ ਹੋਇਆ। 'ਹਮਾਸ' ਦੀਆਂ ਹਿੰਸਕ ਕਾਰਵਾਈਆਂ ਨੂੰ ਸਈਦ ਫਲੌਂ ਦੀਆਂ ਗ਼ਲਤੀਆਂ ਦਾ ਹੀ ਖ਼ਮਿਆਜ਼ਾ ਮੰਨਦਾ ਹੈ। ਉਹਦੀ ਧਾਰਨਾ ਹੈ ਕਿ ਗ਼ੈਰ-ਬਰਾਬਰੀ ਵਾਲੇ ਨਿਜ਼ਾਮ ਵਿਚ ਹਿੰਸਕ ਅੰਦੋਲਨਾ ਦੀ ਸੰਭਾਵਨਾ ਹਮੇਸ਼ਾ ਬਣੀ ਰਹਿੰਦੀ ਹੈ। ਬਹੁਤੇ ਫਲਸਤੀਨੀਆਂ ਲਈ 'ਹਮਾਸ' ਦੀਆਂ ਕਾਰਵਾਈਆਂ ਆਪਣੀ ਬੇਇੱਜ਼ਤੀ ਦਾ ਬਦਲਾ ਹਨ। ਵਿਡੰਬਨਾ ਇਹ ਹੈ ਕਿ ਅਰਾਫ਼ਾਤ ਨੂੰ ਕਮਜ਼ੋਰ ਕਰਨ ਲਈ ਅੱਸੀਵਿਆਂ ਵਿਚ ਖ਼ੁਦ ਇਜ਼ਰਾਇਲ ਸਰਕਾਰ ਨੇ ਹਮਾਸ ਨੂੰ ਉਤਸ਼ਾਹਿਤ ਕੀਤਾ, ਜਦਕਿ ਹੁਣ ਇਹ ਸੰਗਠਨ ਇਜ਼ਰਾਇਲ ਲਈ ਸਿਰ-ਦਰਦੀ ਬਣ ਗਿਆ ਹੈ। ਸਈਦ ਕਹਿੰਦਾ ਹੈ ਕਿ ਅੱਤਵਾਦ ਦਾ ਇਕੋ ਹੱਲ ਹੈ - ਤੇ ਉਹ ਹੈ ਨਿਆਂ। ਦਮਨ ਨਾਲ ਅੱਤਵਾਦ ਦੇ ਮੁੜ ਉੱਠਣ ਦੀਆਂ ਸੰਭਾਵਨਾਵਾਂ ਹਮੇਸ਼ਾ ਬਰਕਰਾਰ ਰਹਿੰਦੀਆਂ ਹਨ।

ਇਜ਼ਰਾਇਲ ਦੀ ਨੀਤੀ ਹੈ ਕਿ ਅਰਾਫ਼ਾਤ ਨੂੰ ਤਾਨਾਸ਼ਾਹ ਬਣਾ ਦਿੱਤਾ ਜਾਵੇ ਤਾਂ ਕਿ ਉਹ ਇਜ਼ਰਾਇਲ ਦੇ ਹਿੱਤਾਂ ਲਈ ਫ਼ਾਇਦੇਮੰਦ ਸਾਬਤ ਹੋਵੇ। ਇਸੇ ਤਹਿਤ 'ਫ਼ਤਹਿ' ਨਾਂ ਦੇ ਹਥਿਆਰਬੰਦ ਸਮੂਹ ਨੂੰ ਇਜ਼ਰਾਇਲ ਦੀ ਪ੍ਰਵਾਨਗੀ ਹਾਸਲ ਹੈ। ਇਹ ਅਰਾਫ਼ਾਤ ਦਾ ਨਿੱਜੀ ਸੁਰੱਖਿਆ ਦਸਤਾ ਹੈ। ਅਰਾਫ਼ਾਤ ਬਿਨ੍ਹਾਂ ਕਿਸੇ ਸੰਵਿਧਾਨ ਦੇ ਆਪਣੀ ਮਰਜ਼ੀ ਮੁਤਾਬਿਕ ਫਲਸਤੀਨੀਆਂ ਦੀ ਹੋਣੀ ਬਾਰੇ ਫ਼ੈਸਲੇ ਕਰਦਾ ਹੈ। ਇਸ ਲਈ ਉਹਨੂੰ ਇਜ਼ਰਾਇਲ ਤੇ ਅਮਰੀਕਾ ਦੀ ਸ਼ਹਿ ਹਾਸਲ ਹੈ। ਇਨ੍ਹਾਂ ਮੁਲਕਾਂ ਦੀ ਮਦਦ ਨਾਲ ਉਹਨੇ ਫ਼ੌਜੀ ਅਦਾਲਤਾਂ ਕਾਇਮ ਕੀਤੀਆਂ ਹਨ। ਇਨ੍ਹਾਂ ਨੂੰ ਬਿਨ੍ਹਾਂ ਕਿਸੇ ਕਾਨੂੰਨੀ ਕਾਰਵਾਈ ਦੇ ਕਿਸੇ ਨੂੰ ਵੀ ਗ੍ਰਿਫ਼ਤਾਰ ਕਰਨ, ਦੇਸ਼ ਨਿਕਾਲਾ ਅਤੇ ਹੋਰ ਸਜ਼ਾਵਾਂ ਦੇਣ ਦਾ ਹੱਕ ਹਾਸਲ ਹੈ। ਅਰਾਫ਼ਾਤ ਆਪਣੇ ਖ਼ਰਚਿਆਂ ਲਈ ਵੀ ਕਿਸੇ ਅੱਗੇ ਜਵਾਬਦੇਹ ਨਹੀਂ। ਉਹ ਜਿਸਨੂੰ ਚਾਹੇ ਨੌਕਰੀ 'ਤੇ ਰੱਖ ਸਕਦਾ ਹੈ ਅਤੇ ਜਿਸਨੂੰ ਚਾਹੇ ਕੱਢ ਸਕਦਾ ਹੈ। ਉਹਦੀ ਸਰਕਾਰ ਵਿਚ 48,000 ਕਰਮਚਾਰੀ

ਹਨ, ਜਿਨ੍ਹਾਂ ਵਿਚੋਂ 19,000 ਪੁਲਿਸ ਮੁਲਾਜ਼ਮ ਹਨ। ਫਲਸਤੀਨ ਨੂੰ ਹਾਸਲ ਹੋਣ ਵਾਲੀ 10 ਲੱਖ ਡਾਲਰ ਦੀ ਆਰਥਿਕ ਮਦਦ ਦਾ ਬਹੁਤਾ ਹਿੱਸਾ ਇਨ੍ਹਾਂ ਮੁਲਾਜ਼ਮਾਂ ਦੀਆਂ ਤਨਖ਼ਾਹਾਂ 'ਤੇ ਖ਼ਰਚ ਹੋ ਜਾਂਦਾ ਹੈ। ਨਤੀਜੇ ਵਜੋਂ ਸਿੱਖਿਆ ਤੇ ਸਿਹਤ ਜਿਹੇ ਬੁਨਿਆਦੀ ਮਸਲਿਆਂ 'ਤੇ ਖ਼ਰਚ ਕਰਨ ਲਈ ਕੁਝ ਨਹੀਂ ਬਚਦਾ।[19]

ਲੇਖ ਦੇ ਅੰਤ ਵਿਚ ਸਈਦ ਸਪੱਸ਼ਟ ਕਰਦਾ ਹੈ ਕਿ ਉਹ ਖ਼ੁਦ ਅਮਨ ਵਾਰਤਾ ਦੇ ਹੱਕ ਵਿਚ ਹੈ। ਪਰ ਜਿਸ ਤਰ੍ਹਾਂ ਇਹ ਸਮਝੌਤਾ ਹੋਇਆ, ਇਸ ਵਿਚੋਂ ਫਲਸਤੀਨ ਦੇ ਮਜ਼ਦੂਰਾਂ, ਕਿਸਾਨਾਂ ਤੇ ਮੁਫ਼ਲਿਸੀ ਦਾ ਜੀਵਨ ਬਸਰ ਕਰਨ ਵਾਲਿਆਂ ਦੀ ਅਵਾਜ਼ ਨੂੰ ਬਿਲਕੁਲ ਦਰੜ ਦਿੱਤਾ ਗਿਆ ਹੈ। ਇਹ ਫਲਸਤੀਨ ਦੀ ਸਿਆਸੀ ਚੇਤਨਾ ਲਈ ਗਹਿਰਾ ਸਦਮਾ ਹੈ। ਇਸ ਸਮਝੌਤੇ ਨੇ ਫਲਸਤੀਨੀਆਂ ਨੂੰ ਯਤੀਮ ਬਣਾ ਕੇ ਰੱਖ ਦਿੱਤਾ ਹੈ। ਉਨ੍ਹਾਂ ਦੇ ਇਕ ਸਦੀ ਲੰਬੇ ਸੰਘਰਸ਼ ਦਾ ਨਤੀਜਾ ਉਨ੍ਹਾਂ ਲਈ ਕਿਸੇ ਜਮਹੂਰੀ ਨਿਜ਼ਾਮ ਦਾ ਸਵੱਬ ਨਹੀਂ ਬਣ ਸਕਿਆ। ਫਲਸਤੀਨ ਦੁਨੀਆ ਦੀ ਇਕੋ ਇਕ ਸਟੇਟ ਹੈ, ਜਿਹਦੀ ਕੋਈ ਪ੍ਰਮਾਣਿਕ ਸਰਹੱਦ ਨਹੀਂ।

ਸਈਦ ਕਹਿੰਦਾ ਹੈ ਕਿ ਫਲਸਤੀਨੀਆਂ ਲਈ ਜਲਾਲਤ ਭਰੀ ਜ਼ਿੰਦਗੀ ਦਾ ਰਾਹ ਖੋਲ੍ਹਣ ਵਾਲੇ 'ਓਸਲੋ ਸਮਝੌਤੇ' ਨੂੰ ਪੱਛਮ ਦੇ ਵਿਦੇਸ਼ੀ ਮਾਮਲਿਆਂ ਬਾਰੇ ਮਾਹਰ ਜਮਹੂਰੀਅਤ ਦੀ ਜਿੱਤ ਵਜੋਂ ਪੇਸ਼ ਕਰ ਰਹੇ ਹਨ। ਉਹ ਟੈਲੀਵਿਜ਼ਨ ਬਹਿਸਾਂ 'ਤੇ ਕਹਿੰਦੇ ਹਨ ਕਿ ਇਜ਼ਰਾਇਲ ਤੇ ਫਲਸਤੀਨ ਵਿਚਕਾਰ ਅਮਨ ਕਾਇਮ ਕਰਨ ਦੇ ਰਾਹ ਵਿਚ ਹੁਣ ਇਕੋ ਅੜਚਨ 'ਇਸਲਾਮੀ ਕੱਟੜਤਾ ਤੇ ਅੱਤਵਾਦ' ਹੈ। ਸਈਦ ਲਿਖਦਾ ਹੈ ਕਿ ਜਿਸਨੂੰ ਅਮਰੀਕੀ ਮਾਹਰ 'ਅਮਨ ਸਮਝੌਤਾ' ਕਹਿੰਦੇ ਹਨ, ਉਸ ਨਾਲ ਫਲਸਤੀਨੀਆਂ ਦੀ ਬਚੀ ਥੋੜ੍ਹੀ-ਬਹੁਤੀ ਆਸ ਵੀ ਮਰ-ਮੁੱਕ ਗਈ ਹੈ। ਉਹਨੂੰ ਅਮਰੀਕੀ ਉਦਾਰਵਾਦੀਆਂ ਤੇ ਖੱਬੇ-ਪੱਖੀਆਂ 'ਤੇ ਗਿਲ਼ਾ ਹੈ ਕਿ ਇਹ ਲੋਕ ਬੋਸਨੀਆ, ਚੇਚਨੀਆ ਜਾਂ ਰਵਾਂਡਾ ਦੇ ਮਸਲੇ 'ਤੇ ਲਗਾਤਾਰ ਬੋਲਦੇ ਹਨ, ਪਰ ਫਲਸਤੀਨ ਬਾਰੇ ਚੁੱਪ ਧਾਰ ਲੈਂਦੇ ਹਨ। ਸਈਦ, ਇਜ਼ਰਾਇਲੀਆਂ ਨੂੰ ਵੀ ਤਾਕੀਦ ਕਰਦਾ ਹੈ ਕਿ ਉਨ੍ਹਾਂ ਦਾ ਭਵਿੱਖ ਵੀ ਅਰਬ ਨਾਲ ਮਿਲ ਕੇ ਰਹਿਣ ਵਿਚ ਹੀ ਹੈ। ਅਮਨ ਦੀ ਬਹਾਲੀ ਉਨ੍ਹਾਂ ਦੀ ਵੀ ਨੈਤਿਕ ਜ਼ਿੰਮੇਵਾਰੀ ਹੈ। ਫਲਸਤੀਨ/ਇਜ਼ਰਾਇਲ ਮਹਿਜ਼ ਜ਼ਮੀਨ ਦੇ ਟੁਕੜੇ ਨਹੀਂ। ਇਥੇ ਵੱਸਣ ਵਾਲਿਆਂ ਦੀ ਇਸ ਥਾਂ ਨਾਲ ਭਾਵੁਕ ਸਾਂਝ ਹੈ। ਭਾਵੇਂ ਉਹ ਇਕ-ਦੂਜੇ ਨੂੰ ਨਾਪਸੰਦ ਕਰਨ, ਫੇਰ ਵੀ ਉਨ੍ਹਾਂ ਦੀਆਂ ਜ਼ਿੰਦਗੀਆਂ ਇਕ-ਦੂਜੇ ਨਾਲ ਜੁੜੀਆਂ ਹਨ। ਅਮਰੀਕਾ ਦੀ ਵਿਚੋਲਗੀ ਨਾਲ ਸਿਰੇ ਚੜ੍ਹਿਆ ਸਮਝੌਤਾ ਜੇਕਰ ਫਲਸਤੀਨੀਆਂ ਨੂੰ ਨਾ-ਗਵਾਰਾ ਹੈ, ਤਾਂ ਇਹ ਇਜ਼ਰਾਇਲ ਲਈ ਵੀ ਬਿਹਤਰ ਬਦਲ ਨਹੀਂ ਹੋ ਸਕਦਾ।

**ਹਵਾਲੇ**


1. Edward W. Said, Zionism from the Standpoint of Its Victims, reproduced in Moustafa Bayoumi, Andrew Rubin (eds.), **The Edward Said Reader**, New York, Vintage, 2000, p. 115.
2. Edward W. Said, **The Question of Palestine**, New York: Vintage, 1979, p. 84.
3. **Ibid**, p. 69.
4. **Ibid**, p. 81.
5. Conor McCarthy, **The Cambridge Introduction to Edward Said**, Cambridge, Cambridge University Press, 2010, p. 108.
6. Joseph Conrad, **Heart of Darkness**, (ed.) Paul B. Armstrong, New York: W. W. Norton, 2006, pp. 7-8.
7. Quoted in Zionism from the Standpoint of Its Victims, reproduced in Moustafa Bayoumi, Andrew Rubin (eds.), **The Edward Said Reader**, p. 141.
8. Quoted in **Ibid**, p. 147.
9. Quoted in **Ibid**, p. 155.
10. Quoted in **Ibid**, p. 155.
11. Quoted in **Ibid**, p. 161.
12. **Ibid**, pp. 164-65.

13. Conor McCarthy, **The Cambridge Introduction to Edward Said**, p. 110.
14. Edward W. Said, **The Politics of Dispossession: The Struggle for Palestinian Self-Determination 1969-1994** London, Chatto and Windus, 1994, p. 257.
15. Edward W. Said, The Middle East "Peace Process ": Misleading images and Brutal Actualities reproduced in Moustafa Bayoumi, Andrew Rubin (eds.), **The Edward Said Reader**, p. 384.
16. **Ibid**, p. 384.
17. **Ibid**, p. 386.
18. **Ibid**, p. 391.
19. **Ibid**, p. 393.

◈